ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 21 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੯ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

## ਕੈਪਟਨ ਅਮਰਿੰਦਰ ਸਿੰਘ ਨਹੀਂ ਲੜਨਗੇ ਲੋਕ ਸਭਾ ਚੋਣ

**ਪਟਿਆਲਾ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਉਹ ਇਸ ਵਾਰ ਲੋਕ ਸਭਾ ਚੋਣਾਂ ਨਹੀਂ ਲੜਨਗੇ।ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਹੀ ਪਟਿਆਲਾ ਤੋਂ ਉਮੀਦਵਾਰ ਹੋਣਗੇ। ਉਨ੍ਹਾਂ ਨੇ ਇਥੇ ਕਾਫੀ ਕੰਮ ਕੀਤੇ ਹਨ। ਦੱਸ ਦਈਏ ਕਿ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ। ਦੱਸਿਆ ਜਾ ਰਿਹਾ ਹੈ ਇਸ ਮੁਲਾਕਾਤ ਵਿਚ ਪਟਿਆਲਾ ਸੀਟ 'ਤੇ ਚੋਣ ਲੜਨ ਬਾਰੇ ਵੀ ਗੱਲ ਹੋਈ ਹੈ।ਸੂਤਰ ਦੱਸਦੇ ਹਨ ਕਿ ਪ੍ਰਨੀਤ ਕੌਰ ਜਲਦੀ ਹੀ ਭਾਜਪਾ ਵਿਚ ਸ਼ਾਮਲ ਹੋਣ ਜਾ ਰਹੇ ਹਨ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਕੈਪਟਨ ਅਮਰਿੰਦਰ ਨੇ ਕਿਹਾ ਕਿ ਉਨ੍ਹਾਂ ਦੀ ਪ੍ਰਧਾਨ ਮੰਤਰੀ ਨਾਲ ਪੰਜਾਬ ਨਾਲ ਸਬੰਧਤ ਅਹਿਮ ਮੁੱਦਿਆਂ ਸਣੇ ਕਿਸਾਨਾਂ ਦੇ ਮਸਲੇ ਨੂੰ ਲੈ ਕੇ ਵਿਸਥਾਰਪੂਰਵਕ ਮੀਟਿੰਗ ਹੋਈ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਕਿਸਾਨਾਂ ਦੇ ਮਸਲੇ ਦਾ ਜਲਦੀ ਹੀ ਸਾਰਿਆਂ ਦੀ ਤਸੱਲੀਬਖਸ਼ ਹੱਲ ਕਰ ਲਿਆ ਜਾਵੇਗਾ।



## ਸੁਪਰੀਮ ਕੋਰਟ ਦਾ ਵੱਡਾ ਫੈਸਲਾ

# 'ਆਪ' ਉਮੀਦਵਾਰ ਨੂੰ ਐਲਾਨਿਆ ਚੰਡੀਗੜ੍ਹ ਦਾ ਮੇਅਰ



**ਨਵੀਂ ਦਿੱਲੀ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਮੇਅਰ ਚੋਣ ਵਿਵਾਦ ਦੇ ਮਾਮਲੇ ਦੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਤਿਹਾਸਿਕ ਫੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਨੇ 8 ਆਯੋਗ ਵੋਟਾਂ ਨੂੰ ਯੋਗ ਦੱਸਦੇ ਹੋਏ 'ਆਪ' ਉਮੀਦਵਾਰ ਕੁਲਦੀਪ ਕੁਮਾਰ ਨੂੰ ਚੀਡੀਗੜ੍ਹ ਦਾ ਮੇਅਰ ਐਲਾਨ ਦਿੱਤਾ ਹੈ। ਇਸਦੇ ਨਾਲ ਹੀ ਅਦਾਲਤ ਨੇ ਅਨਿਲ ਮਸੀਹ ਖਿਲਾਫ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਕਾਰਵਾਈ ਦਾ ਹੁਕਮ ਜਾਰੀ ਕੀਤਾ ਹੈ। ਅਨਿਲ ਮਸੀਹ ਨੂੰ 3 ਹਫਤਿਆਂ ਦੇ ਅੰਦਰ ਜਵਾਬ ਦਾਖਲ ਕਰਨ ਲਈ ਕਿਹਾ ਗਿਆ ਹੈ। ਸੁਣਵਾਈ ਦੌਰਾਨ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਇਸ ਨੂੰ ਅਦਾਲਤ ਦਾ ਅਪਮਾਨ ਦੱਸਿਆ ਅਤੇ ਇਸ ਨੂੰ ਘਿਨੌਣਾ ਅਪਰਾਧ ਕਰਾਰ ਦਿੱਤਾ। ਦੱਸ ਦੇਈਏ ਕਿ ਚੰਡੀਗੜ੍ਹ ਮੇਅਰ ਦੀ ਚੋਣ ਭਾਜਪਾ ਦੇ ਮਨੋਜ ਸੋਨਕਰ ਨੇ 16 ਵੋਟਾਂ ਨਾਲ ਜਿੱਤੀ ਸੀ। ਉਨ੍ਹਾਂ ਨੇ ਆਮ ਆਦਮੀ ਪਾਰਟੀ-ਕਾਂਗਰਸ ਗਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਹਰਾਇਆ, ਜਿਨ੍ਹਾਂ ਨੂੰ 12 ਵੋਟਾਂ ਮਿਲੀਆਂ। ਇਸ ਮਾਮਲੇ ਵਿੱਚ ਉਦੋਂ ਵਿਵਾਦ ਖੜ੍ਹਾ ਹੋ ਗਿਆ ਜਦੋਂ ਰਿਟਰਨਿੰਗ ਅਫ਼ਸਰ ਅਨਿਲ ਮਸੀਹ ਨੇ ਗਠਜੋੜ ਦੇ ਭਾਈਵਾਲਾਂ ਦੀਆਂ ਅੱਠ ਵੋਟਾਂ ਨੂੰ ਅਯੋਗ ਕਰਾਰ ਦੇ ਦਿੱਤਾ। ਜਿਸ ਤੋਂ ਬਾਅਦ ਬੈਲਟ ਪੇਪਰ ਵਿੱਚ ਛੇੜਛਾੜ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ। ਇਸਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਪੁੱਜਾ ਅਤੇ ਕੋਰਟ ਨੇ 8 ਅਯੋਗ ਵੋਟਾਂ ਨੂੰ ਸਹੀ ਮੰਨਦੇ ਹੋਏ 'ਆਪ'-ਕਾਂਗਰਸ ਗਠਜੋੜ ਦੇ ਹੱਕ 'ਚ ਫੈਸਲਾ ਸੁਣਾਇਆ ਹੈ।

## ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਉੱਠੀ ਆਵਾਜ਼, ਜਥੇਦਾਰ ਨੇ ਕਿਹਾ ਐਨਾ ਵੱਡਾ ਜ਼ੁਰਮ ਨਹੀਂ ਜਿੰਨੀ ਵੱਡੀ ਸਜ਼ਾ ਦੇ ਦਿੱਤੀ



**ਅੰਮ੍ਰਿਤਸਰ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਦੇ ਹੱਕ 'ਚ ਹੁਣ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਆਏ ਹਨ। ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਲੈ ਕੇ ਦਿੱਲੀ ਜਾਣ ਦੇ ਐਲਾਨ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਇਕੱਠੇ ਬੈਠ ਕੇ ਗੱਲਬਾਤ ਰਾਹੀਂ ਹੱਲ ਕੱਢਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਕਿਸਾਨਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਸਿਆਸੀ ਆਗੂਆਂ ਨੂੰ ਸੱਤਾ 'ਚ ਆਉਣ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ ਅਤੇ ਸਰਕਾਰ ਨੂੰ ਅੜੀਅਲ ਰਵਈਆ ਨਹੀਂ ਅਪਣਾਉਣਾ ਚਾਹੀਦਾ। ਆਸਾਮ ਦੀ ਡਿਬਰੂਗੜ੍ਹ ਜੇਲ 'ਚ ਬੰਦ ਅੰਮ੍ਰਿਤਪਾਲ ਸਿੰਘ ਦੀ ਆਡੀਓ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਿਸੇ ਦੀ ਨਿੱਜਤਾ 'ਤੇ ਹਮਲਾ ਕਰਨਾ ਜੇਲ੍ਹ ਪ੍ਰਸ਼ਾਸਨ ਦੀ ਅਣਮਨੁੱਖੀ ਅਤੇ ਘਿਨਾਉਣੀ ਹਰਕਤ ਹੈ। ਅੰਮ੍ਰਿਤਪਾਲ ਸਿੰਘ ਦੇ ਵਾਸ਼ਰੂਮ ਵਿੱਚ ਕੈਮਰੇ ਲਗਾਏ ਗਏ ਸਨ ਅਤੇ ਜਦੋਂ ਉਸਨੇ ਕੈਮਰੇ ਫੜੇ ਤਾਂ ਉਸਦੇ ਖਿਲਾਫ ਝੂਠਾ ਕੇਸ ਦਰਜ ਕਰ ਦਿੱਤਾ ਗਿਆ। ਜਥੇਦਾਰ ਨੇ ਕਿਹਾ ਕਿ ਜੇਕਰ ਅੰਮ੍ਰਿਤਪਾਲ ਨਾਲ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਇਸ ਲਈ ਜੇਲ੍ਹ ਪ੍ਰਸ਼ਾਸਨ ਦੇ ਨਾਲ-ਨਾਲ ਕੇਂਦਰ ਅਤੇ ਪੰਜਾਬ ਸਰਕਾਰ ਵੀ ਜ਼ਿੰਮੇਵਾਰ ਹੋਵੇਗੀ। ਅੰਮ੍ਰਿਤਪਾਲ ਨੂੰ ਪੰਜਾਬ ਦੀ ਜੇਲ 'ਚ ਤਬਦੀਲ ਕਰਨ ਦੀ ਮੰਗ 'ਤੇ ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ ਹੁਣ ਰਿਹਾਅ ਕੀਤਾ ਜਾਵੇ ਕਿਉਂਕਿ ਅੰਮ੍ਰਿਤਪਾਲ ਦਾ ਜ਼ੁਰਮ ਇੰਨਾ ਨਹੀਂ ਹੈ ਜਿੰਨੀ ਵੱਡੀ ਸਜ਼ਾ ਉਸਨੂੰ ਦੇ ਦਿੱਤੀ ਗਈ ਹੈ। ਜਥੇਦਾਰ ਨੇ ਹਰਿਆਣਾ ਪੁਲਿਸ ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਕਿਸਾਨਾਂ 'ਤੇ ਅੱਥਰੂ ਗੈਸ ਅਤੇ ਰਬੜ ਦੀਆਂ ਗੋਲੀਆਂ ਚਲਾਉਣਾ ਗ.ਲਤ ਹੈ ਅਤੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਨੂੰ ਗੁਰਦੁਆਰਾ ਐਕਟ ਬਣਾਉਣ ਤੋਂ ਪਹਿਲਾਂ ਉਥੋਂ ਦੇ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ।

# ਡਿਬਰੂਗੜ ਜੇਲ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੰਘਾਂ ਦੇ ਪਰਿਵਾਰਾਂ ਵੱਲੋਂ ਡੀ ਸੀ ਅੰਮ੍ਰਿਤਸਰ ਨੂੰ ਦਿੱਤਾ ਗਿਆ ਮੈਮੋਰੈਂਡਮ

## ਕੇਂਦਰ ਸਰਕਾਰ ਵੱਲੋਂ ਜੇਲ ਪ੍ਰਸਾਸ਼ਨ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਅਕਸ ਨੂੰ ਢਾਹ ਲਾਉਣ ਲਈ ਕੀਤੀਆਂ ਜਾ ਰਹੀਆਂ ਹਨ ਘਟੀਆ ਕਾਰਵਾਈਆਂ : ਹਰਪਾਲ ਸਿੰਘ ਬਲੇਰ, ਉਪਕਾਰ ਸਿੰਘ ਸੰਧੂ





**ਅੰਮ੍ਰਿਤਸਰ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਡਿਬਰੂਗੜ ਜੇਲ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਨਾਲ ਜੇਲ ਪ੍ਰਸਾਸ਼ਨ ਵੱਲੋਂ ਕੀਤੀ ਘਿਨਾਉਣੀ ਹਰਕਤ ਦਾ ਕਰਕੇ ਉਥੇ ਨਜ਼ਰਬੰਦ ਸਾਰੇ ਹੀ ਸਿੰਘਾਂ ਦੇ ਪਰਿਵਾਰਾਂ ਅਤੇ ਹਮਖ਼ਿਆਲੀ ਜਥੇਬੰਦੀਆਂ ਦੇ ਕਾਰਕੁੰਨਾਂ ਵਲੋਂ ਅੱਜ ਡੀ ਸੀ ਅੰਮ੍ਰਿਤਸਰ ਨੂੰ ਉਹਨਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਦੀ ਕਿਸੇ ਜੇਲ ਵਿੱਚ ਸ਼ਿਫਟ ਕਰਨ ਲਈ ਮੈਮੋਰੈਂਡਮ ਦਿੱਤਾ ਗਿਆ। ਇਸ ਮੌਕੇ ਤੇ ਡਿਬਰੂਗੜ ਜੇਲ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ, ਭਾਈ ਗੁਰਮੀਤ ਸਿੰਘ ਬੁੱਕਣਵਾਲਾ, ਭਾਈ ਪੱਪਲਪ੍ਰੀਤ ਸਿੰਘ, ਭਾਈ ਕੁਲਵੰਤ ਸਿੰਘ ਰਾਓਕੇ, ਚਾਚਾ ਹਰਜੀਤ ਸਿੰਘ ਜੀ, ਭਾਈ ਬਸੰਤ ਸਿੰਘ, ਭਾਈ ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ, ਭਾਈ ਸਰਬਜੀਤ ਸਿੰਘ ਕਲਸੀ, ਭਾਈ ਗੁਰਿੰਦਰਪਾਲ ਸਿੰਘ ਅਤੇ ਭਾਈ ਵਰਿੰਦਰ ਸਿੰਘ ਫੌਜੀ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਮੁੱਖ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਰਨਲ ਸਕੱਤਰ ਸ੍ਰ ਹਰਪਾਲ ਸਿੰਘ ਬਲੇਰ, ਜਰਨਲ ਸਕੱਤਰ ਸ੍ਰ ਉਪਕਾਰ ਸਿੰਘ ਸੰਧੂ, ਬਾਬਾ ਲਹਿਣਾਂ ਸਿੰਘ ਜੀ, ਸ੍ਰ ਹਰਜੀਤ ਸਿੰਘ ਜੀ ਮੀਆਂਪੁਰ ਪ੍ਰਧਾਨ ਜਿਲਾ ਤਰਨਤਾਰਨ, ਸ੍ਰ ਸ਼ਮਸ਼ੇਰ ਸਿੰਘ ਬਰਾੜ ਜਿਲਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ, ਸ੍ਰ ਦਵਿੰਦਰ ਸਿੰਘ ਫਤਾਹਪੁਰ, ਸ੍ਰ ਦਲਬੀਰ ਸਿੰਘ ਜੀ ਬੁੰਡਾਲਾ, ਸ੍ਰ ਸ਼ਮਸ਼ੇਰ ਸਿੰਘ ਪੱਧਰੀ ਜਿਲਾ ਪ੍ਰੈਸ ਸਕੱਤਰ ਅੰਮ੍ਰਿਤਸਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਡਵੋਕੇਟ ਸ੍ਰ ਭਗਵੰਤ ਸਿੰਘ ਸਿਆਲਕਾ, ਐਡਵੋਕੇਟ ਰੋਹਿਤ ਕੁਮਾਰ ਸ਼ਰਮਾ ਵੀ ਹਾਜ਼ਰ ਸਨ। ਇਸ ਮੌਕੇ ਤੇ ਬੰਦੀ ਸਿੰਘਾਂ ਦੇ ਪਰਿਵਾਰਾਂ ਵੱਲੋਂ ਡੀ ਸੀ ਅੰਮ੍ਰਿਤਸਰ ਨੂੰ ਮੈਮੋਰੈਂਡਮ ਦਿੰਦੇ ਹੋਏ ਕਿਹਾ ਗਿਆ ਕਿ ਜੇਲ ਪ੍ਰਸਾਸ਼ਨ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਤੇ ਉਹਨਾਂ ਦੇ ਸਾਥੀਆਂ ਤੇ ਹੋਰ ਝੂਠੇ ਇਲਜ਼ਾਮ ਲਗਾਉਣ ਲਈ ਜੇਲ ਦੇ ਮੁਲਾਜਮਾਂ ਰਾਹੀਂ ਘਟੀਆ ਕਾਰਵਾਈ ਕਰਦੇ ਹੋਏ ਉਹਨਾਂ ਦੀਆਂ ਬੈਰਕਾਂ ਅਤੇ ਬਾਥਰੂਮਾਂ ਵਿੱਚ ਗੁਪਤ ਕੈਮਰੇ ਅਤੇ ਇੰਟਰਨੈੱਟ ਡੋਂਗਲਾਂ ਲਗਾ ਕੇ ਬਿਨਾਂ ਇਜਾਜ਼ਤ ਉਠਦਿਆਂ ਬੈਠਦਿਆਂ ਅਤੇ ਨਹਾਉਣ ਵੇਲੇ ਨਗਨ ਅਵਸਥਾ ਦੀਆਂ ਵੀਡੀਓ ਬਣਾਏ ਜਾਣ ਬਾਰੇ ਪਤਾ ਚੱਲਿਆ ਹੈ ਜੋ ਕਿ ਉਹਨਾਂ ਦੇ ਮਨੁੱਖੀ ਅਧਿਕਾਰਾਂ ਤੇ ਸਿੱਧਾ-ਸਿੱਧਾ ਹਮਲਾ ਹੈ, ਜਦੋਂ ਕਿ ਕਨੂੰਨ ਮੁਤਾਬਕ ਅਜਿਹਾ ਨਹੀਂ ਕੀਤਾ ਸਕਦਾ ਹੈ ਅਤੇ ਅਸੀਂ ਮੰਗ ਕਰਦੇ ਹਾਂ ਕਿ ਡਿਬਰੂਗੜ ਜੇਲ ਪ੍ਰਸ਼ਾਸ਼ਨ ਨੂੰ ਅਜਿਹੀਆਂ ਘਿਨਾਉਣੀਆਂ ਕਾਰਵਾਈਆਂ ਕਰਨ ਤੋਂ ਰੋਕਿਆ ਜਾਵੇ ਅਤੇ ਡਿਬਰੂਗੜ ਜੇਲ ਵਿੱਚ ਬੰਦ ਸਾਰੇ ਹੀ ਬੰਦੀ ਸਿੰਘਾਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਪੰਜਾਬ ਦੀ ਕਿਸੇ ਜੇਲ ਵਿੱਚ ਸ਼ਿਫਟ ਕੀਤਾ ਜਾਵੇ। ਇਸ ਮੌਕੇ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਦੋਨੋ ਕੌਮੀ ਜਰਨਲ ਸਕੱਤਰ ਸ੍ਰ ਹਰਪਾਲ ਸਿੰਘ ਬਲੇਰ ਅਤੇ ਸ੍ਰ ਉਪਕਾਰ ਸਿੰਘ ਸੰਧੂ ਨੇ ਬੰਦੀ ਸਿੰਘਾਂ ਦੇ ਪਰਿਵਾਰਾਂ ਨਾਲ ਹੀ ਸਾਂਝੇ ਤੌਰ ਤੇ ਪ੍ਰੈਸ ਨੂੰ ਸਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੇਲ ਪ੍ਰਸਾਸ਼ਨ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਅਕਸ ਨੂੰ ਢਾਹ ਲਾਉਣ ਲਈ ਇਹ ਸਾਰੀਆਂ ਘਟੀਆ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਸਰਕਾਰ ਦਾ ਪਹਿਲਾ ਮੁੱਖ ਮਕਸਦ ਇਹ ਹੈ ਕਿ ਅਜੇ ਬੰਦੀ ਸਿੰਘਾਂ ਨੂੰ ਕੋਈ ਨਾ ਕੋਈ ਹੀਲਾ-ਵਸੀਲਾ ਵਰਤ ਕੇ ਰਿਹਾਅ ਨਾ ਕੀਤਾ ਜਾਵੇ ਅਤੇ ਜੇਕਰ ਰਿਹਾਅ ਕੀਤਾ ਵੀ ਜਾਂਦਾ ਹੈ ਤਾਂ ਉਹਨਾਂ ਦੀਆਂ ਨਗਨ ਅਵਸਥਾ ਦੀਆਂ ਵੀਡੀਓ ਬਣਾਕੇ ਜਾਂ ਤਾਂ ਉਹਨਾਂ ਨੂੰ ਬਲੈਕਮੇਲ ਕੀਤਾ ਜਾਵੇ ਅਤੇ ਜਾਂ ਫਿਰ ਉਹਨਾਂ ਦੇ ਬਾਹਰ ਆਉਣ ਉਪਰੰਤ ਉਹਨਾਂ ਵੀਡੀਓਜ਼ ਦਾ ਦੁਰਉਪਯੋਗ ਕਰਕੇ ਉਹਨਾਂ ਨੂੰ ਬਦਨਾਮ ਕੀਤਾ ਜਾਵੇ।ਜੋਕਿ ਅਜਿਹਾ ਬਿਲਕੁਲ ਨਹੀਂ ਹੋਣ ਦਿੱਤਾ ਜਾਵੇਗਾ, ਸਾਰਾ ਸਿੱਖ ਪੰਥ ਅਤੇ ਪੰਥ ਦੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਆਪਣੇਂ ਕੌਮੀ ਯੋਧਿਆਂ ਦੇ ਨਾਲ ਅਤੇ ਉਹਨਾਂ ਦੇ ਪਰਿਵਾਰਾਂ ਦੇ ਨਾਲ ਹਰ ਵਕਤ ਮੋਢੇ ਨਾਲ ਮੋਢਾ ਲਾ ਕੇ ਖੜੀ ਰਹੇਗੀ ਅਤੇ ਦੇਸ਼ ਦੀ ਉੱਚ ਤੋਂ ਉੱਚ ਅਦਾਲਤ ਤੱਕ ਹਰ ਤਰਾਂ ਦੀ ਕਨੂੰਨੀ ਲੜਾਈ ਲੜਦੀ ਰਹੇਗੀ।



ਆਵਾਜ਼ਿ ਕੌਮ AWAZE QAUM International Newspaper & WEB TV




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

## ਕੇਂਦਰ ਸਰਕਾਰ ਸਮੂਹ ਕਿਸਾਨ ਜਥੇਬੰਦੀਆਂ ਨਾਲ ਤੁਰੰਤ ਗੱਲਬਾਤ ਕਰਕੇ ਕਰੇ ਮਸਲੇ ਦਾ ਹੱਲ : ਇੰਟਰਨੈਸ਼ਨਲ ਪੰਥਕ ਦਲ

# ਗੱਲਬਾਤ ਰਾਹੀਂ ਸਾਰੇ ਮਸਲੇ ਹੱਲ ਕੀਤੇ ਜਾ ਸਕਦੇ ਹਨ ਤੇ ਦੇਰੀ ਕਰਨ 'ਤੇ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ



**ਜਲੰਧਰ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨੀ ਅੰਦੋਲਨ ਦੌਰਾਨ ਸਰਕਾਰਾਂ ਅਤੇ ਕਿਸਾਨਾਂ ਵਿਚਾਲੇ ਵਧ ਰਹੇ ਟਕਰਾਅ ਦੌਰਾਨ ਇੰਟਰਨੈਸ਼ਨਲ ਪੰਥਕ ਦਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਮੂਹ ਕਿਸਾਨ ਜਥੇਬੰਦੀਆਂ ਨੂੰ ਇੱਕ ਟੇਬਲ 'ਤੇ ਬਿਠਾ ਕੇ ਸਾਂਝੀ ਮੀਟਿੰਗ ਕਰੇ ਅਤੇ ਦਰਪੇਸ਼ ਕਿਸਾਨੀ ਮੁਸ਼ਕਿਲਾਂ ਦਾ ਹੱਲ ਕੱਢੇ। ਇੰਟਰਨੈਸ਼ਨਲ ਪੰਥਕ ਦਲ ਨੇ ਕੇਂਦਰ ਸਰਕਾਰ ਨੂੰ ਇਹ ਅਪੀਲ ਅੱਜ ਜਲੰਧਰ ਵਿਖੇ ਜਥੇਬੰਦੀ ਦੀ ਹੋਈ ਇੱਕ ਹੰਗਾਮੀ ਮੀਟਿੰਗ ਤੋਂ ਬਾਅਦ ਕੀਤੀ ਗਈ। ਮੀਟਿੰਗ ਦੇ ਵੇਰਵੇ ਜਾਰੀ ਕਰਦਿਆਂ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਸ਼੍ਰੋਮਣੀ ਕਮੇਟੀ ਮੈਂਬਰ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਦਮਦਮੀ ਟਕਸਾਲ ਭਿੰਡਰਾਂਵਾਲਿਆਂ ਨੇ ਦੱਸਿਆ ਕਿ ਅੱਜ ਦੀ ਇਹ ਮੀਟਿੰਗ ਪਾਰਟੀ ਦੇ ਕੌਮੀ ਕਨਵੀਨਰ ਜਥੇਦਾਰ ਦਲੀਪ ਸਿੰਘ ਚਕਰ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਜਥੇਦਾਰ ਹਰਚੰਦ ਸਿੰਘ ਚਕਰ, ਧਾਰਮਿਕ ਵਿੰਗ ਦੇ ਪ੍ਰਧਾਨ ਬਾਬਾ ਸਤਨਾਮ ਸਿੰਘ ਵਲੀਆਂ, ਭਾਈ ਕਿਰਪਾ ਸਿੰਘ ਨੱਥੂਵਾਲਾ ਪ੍ਰਧਾਨ ਕਿਸਾਨ ਬਚਾਓ ਮੋਰਚਾ, ਬਾਬਾ ਸੱਜਣ ਸਿੰਘ ਮੁੱਖ ਸਲਾਹਕਾਰ ਅਤੇ ਹੋਰ ਪ੍ਰਮੁੱਖ ਆਗੂ ਸ਼ਾਮਲ ਹੋਏ। ਮੀਟਿੰਗ ਵਿੱਚ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਬਣੀ 11 ਮੈਂਬਰੀ ਕਮੇਟੀ ਦੀ ਮੀਟਿੰਗ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਵੱਲੋਂ ਕਿਸਾਨਾਂ ਦੇ ਸਾਰੇ ਮਸਲੇ ਹੱਲ ਕਰਨ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਜੋ ਸਾਰੀਆਂ ਕਿਸਾਨ ਜਥੇਬੰਦੀਆਂ ਨਾਲ ਸਾਂਝੀ ਮੀਟਿੰਗ ਕਰਨ ਦਾ ਸੁਝਾਅ ਦਿੱਤਾ ਗਿਆ ਸੀ, ਉਸ ਦੀ ਅੱਜ ਦੀ ਮੀਟਿੰਗ ਵਿੱਚ ਪੂਰੀ ਹਮਾਇਤ ਕੀਤੀ ਗਈ।

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੇ ਸੰਬੰਧ ਵਿੱਚ ਨਿਕਲ ਰਹੇ ਨਗਰ ਕੀਰਤਨ ਦੇ ਮੌਕੇ ਤੇ ਮਿਤੀ 23 ਫਰਵਰੀ ਨੂੰ ਸਰਕਾਰੀ ਅਤੇ ਵਿਦਿਅਕ ਅਦਾਰਿਆਂ ਵਿੱਚ

# ਅੱਧੇ ਦਿਨ ਦੀ ਛੁੱਟੀ ਲਈ ਡਿਪਟੀ ਕਮਿਸ਼ਨਰ ਸਾਹਿਬ ਨੂੰ ਦਿੱਤਾ ਮੰਗ ਪੱਤਰ



**ਗੁਰਦਾਸਪੁਰ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਗੁਰੂ ਰਵਿਦਾਸ ਸਭਾ ਆਰੀਆ ਨਗਰ ਗੁਰਦਾਸਪੁਰ ਵੱਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਜਨਮ ਦਿਹਾੜੇ ਤੇ 23 ਫਰਵਰੀ ਦਿਨ ਸ਼ੁਕਰਵਾਰ ਨੂੰ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਉਸ ਦਿਨ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਗੁਰੂ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਬੜੀ ਹੀ ਖੁਸ਼ੀ ਨਾਲ ਨਗਰ ਕੀਰਤਨ ਵਿੱਚ ਸ਼ਾਮਿਲ ਹੁੰਦੀ ਹੈ। ਇਸ ਸਬੰਧੀ ਸ੍ਰੀ ਗੁਰੂ ਰਵਿਦਾਸ ਸਭਾ ਆਰੀਆ ਨਗਰ ਵੱਲੋਂ ਮਾਨਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਜੀ ਨੂੰ ਉਸ ਦਿਨ ਜਿਲਾ ਗੁਰਦਾਸਪੁਰ ਦੇ ਸਰਕਾਰੀ ਅਤੇ ਵਿਦਿਅਕ ਅਦਾਰਿਆਂ ਵਿੱਚ ਅੱਧੇ ਦਿਨ ਦੀ ਛੁੱਟੀ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ ਤਾਂ ਜੋ ਸੰਗਤਾਂ ਨਗਰ ਕੀਰਤਨ ਵਿੱਚ ਹੁਮ ਹੁਮਾ ਕੇ ਸ਼ਾਮਿਲ ਹੋ ਸਕਣ। ਇਸ ਮੌਕੇ ਤੇ ਪ੍ਰਧਾਨ ਮਨਦੀਪ ਸਿੰਘ, ਸੈਕਟਰੀ ਪਰਮਜੀਤ ਪੰਮਾ, ਅਮਿਤ ਕੁਮਾਰ, ਸੰਜੀਵ, ਮਹਿੰਦਰ ਪਾਲ, ਰਕੇਸ਼ ਕੁਮਾਰ, ਰਾਜ ਕੁਮਾਰ, ਸੋਨੂ, ਸੁਰਿੰਦਰ ਅਤੇ ਸ਼੍ਰੀ ਗੁਰੂ ਰਵਿਦਾਸ ਸਭਾ ਆਰੀਆ ਨਗਰ ਦੇ ਸਮੂਹ ਮੈਂਬਰ ਹਾਜਰ ਸਨ।

# ਭਾਰਤੀ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਵਿਰੁੱਧ ਤਾਕਤ ਦੀ ਵਰਤੋਂ ਦੀ ਨਿੰਦਾ: ਏਸ਼ੀਆਯੂਰਪੀਅਨ ਸਿੱਖ ਸੰਗਠਨ



**ਨਵੀਂ ਦਿੱਲੀ, 20 ਫਰਵਰੀ, (ਮਨਪ੍ਰੀਤ ਸਿੰਘ ਖਾਲਸਾ)**-13 ਫਰਵਰੀ, 2024 ਤੋਂ ਭਾਰਤ ਵਿੱਚ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਵਿਰੁੱਧ ਭਾਰਤੀ ਸੁਰੱਖਿਆ ਬਲਾਂ ਵੱਲੋਂ ਵਰਤੀ ਗਈ ਅਤਿ ਸ਼ਕਤੀ ਦੀ ਰਿਪੋਰਟ ਤੋਂ ਬਾਅਦ ਯੂਰਪੀਅਨ ਸਿੱਖ ਆਰਗੇਨਾਈਜ਼ੇਸ਼ਨ ਨੇ ਸਖ਼ਤ ਨਿੰਦਾ ਕੀਤੀ ਹੈ। ਕਿਸਾਨ ਜੋ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀ ਮੰਗ ਕਰ ਰਹੇ ਹਨ। ਉਹਨਾਂ ਦੀਆਂ ਫਸਲਾਂ ਲਈ, 2020-2021 ਦੇ ਵਿਆਪਕ ਭਾਰਤੀ ਕਿਸਾਨਾਂ ਦੇ ਅੰਦੋਲਨ ਦੀ ਯਾਦ ਦਿਵਾਉਂਦਾ ਹੈ, ਨੂੰ ਕਥਿਤ ਤੌਰ 'ਤੇ ਗੰਭੀਰ ਅਤੇ ਹਿੰਸਕ ਕਾਰਵਾਈਆਂ ਦਾ ਸਾਹਮਣਾ ਕਰਨਾ ਪਿਆ ਹੈ। ਘਟਨਾਵਾਂ ਦੇ ਇੱਕ ਦੁਖਦਾਈ ਮੋੜ ਵਿੱਚ, ਇਹ ਦੱਸਿਆ ਗਿਆ ਹੈ ਕਿ ਭਾਰਤੀ ਬਲਾਂ ਦੁਆਰਾ ਪੈਲੇਟ ਗੰਨ ਦੀ ਵਰਤੋਂ ਦੇ ਨਤੀਜੇ ਵਜੋਂ ਪ੍ਰਦਰਸ਼ਨਕਾਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਘੱਟੋ ਘੱਟ ਤਿੰਨ ਕਿਸਾਨ ਅੰਨ੍ਹੇ ਹੋ ਗਏ ਹਨ। ਭੀੜ ਨਿਯੰਤਰਣ ਦਾ ਇਹ ਤਰੀਕਾ, ਪਹਿਲਾਂ ਕਸ਼ਮੀਰ ਦੇ ਵਿਵਾਦਗ੍ਰਸਤ ਖੇਤਰਾਂ ਵਿੱਚ ਦੇਖਿਆ ਗਿਆ ਸੀ, ਆਪਣੀ ਅਸਹਿਮਤੀ ਜ਼ਾਹਰ ਕਰਨ ਵਾਲੇ ਨਾਗਰਿਕਾਂ ਵਿਰੁੱਧ ਘਾਤਕ ਤਾਕਤ ਦੀ ਇੱਕ ਪਰੇਸ਼ਾਨੀ ਵਾਲੀ ਵਰਤੋਂ ਨੂੰ ਦਰਸਾਉਂਦਾ ਹੈ। ਯੂਰਪ ਵਿੱਚ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰ ਰਹੀ ਯੂਰਪੀਅਨ ਸਿੱਖ ਸੰਸਥਾ ਨੇ ਇਸ ਮੁੱਦੇ ਨੂੰ ਯੂਰਪੀਅਨ ਪਾਰਲੀਮੈਂਟ ਦੇ ਸਾਹਮਣੇ ਲਿਆ ਕੇ ਤੁਰੰਤ ਕਾਰਵਾਈ ਕੀਤੀ ਹੈ। ਸੰਗਠਨ ਨੇ ਸਥਿਤੀ ਦੀ ਗੰਭੀਰਤਾ ਨੂੰ ਉਜਾਗਰ ਕਰਨ ਅਤੇ ਯੂਰਪੀਅਨ ਯੂਨੀਅਨ ਦੀ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧਤਾ ਦੇ ਵਿਆਪਕ ਢਾਂਚੇ ਦੇ ਅੰਦਰ ਭਾਰਤੀ ਕਿਸਾਨਾਂ ਦੇ ਅਧਿਕਾਰਾਂ ਦੀ ਵਕਾਲਤ ਕਰਨ ਲਈ ਯੂਰਪੀਅਨ ਸੰਸਦ ਦੇ ਮੈਂਬਰਾਂ ਨਾਲ ਜੁੜਨ ਦੀ ਯੋਜਨਾ ਬਣਾਈ ਹੈ। ਕਿਸਾਨਾਂ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰਦੇ ਹੋਏ, ਯੂਰਪੀਅਨ ਸਿੱਖ ਆਰਗੇਨਾਈਜ਼ੇਸ਼ਨ ਨੇ ਯੂਰਪ ਅਤੇ ਭਾਰਤ ਵਿਚ ਕਿਸਾਨ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਵਿਚ ਬਿਲਕੁਲ ਅੰਤਰ 'ਤੇ ਜ਼ੋਰ ਦਿੱਤਾ। ਯੂਰਪ ਵਿੱਚ, ਕਿਸਾਨਾਂ ਦੇ ਵਿਰੋਧ ਕਰਨ ਅਤੇ ਆਪਣੇ ਹਿੱਤਾਂ ਦੀ ਵਕਾਲਤ ਕਰਨ ਦੇ ਅਧਿਕਾਰ ਅਕਸਰ ਹਿੰਸਾ ਅਤੇ ਦਮਨ ਦੀ ਬਜਾਏ ਗੱਲਬਾਤ ਅਤੇ ਗੱਲਬਾਤ ਨਾਲ ਮਿਲਦੇ ਹਨ। ਇਹ ਅਸਮਾਨਤਾ ਭਾਰਤੀ ਕਿਸਾਨਾਂ ਨਾਲ ਸਲੂਕ ਕਰਨ ਅਤੇ ਉਹਨਾਂ ਦੇ ਬੁਨਿਆਦੀ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅੰਤਰਰਾਸ਼ਟਰੀ ਧਿਆਨ ਦੀ ਜ਼ਰੂਰਤ ਨੂੰ ਉਜਾਗਰ ਕਰਦੀ ਹੈ। ਬੈਲਜੀਅਮ ਵਿੱਚ ਕਿਸਾਨ ਭਾਈਚਾਰੇ ਵੱਲੋਂ ਆਪਣੇ ਭਾਰਤੀ ਹਮਰੁਤਬਾ ਪ੍ਰਤੀ ਸਮਰਥਨ ਮੁੱਦੇ ਦੀ ਵਿਸ਼ਵਵਿਆਪੀ ਪ੍ਰਕਿਰਤੀ ਦਾ ਪ੍ਰਮਾਣ ਹੈ, ਜੋ ਕਿ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਦੇ ਵਿਸ਼ਵਵਿਆਪੀ ਅਧਿਕਾਰ ਅਤੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਵਿੱਚ ਸਰਕਾਰੀ ਜਵਾਬਦੇਹੀ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਜਿਵੇਂ-ਜਿਵੇਂ ਸਥਿਤੀ ਵਿਕਸਤ ਹੁੰਦੀ ਹੈ, ਯੂਰਪੀਅਨ ਸਿੱਖ ਸੰਗਠਨ ਵੱਲੋਂ ਭਾਰਤੀ ਕਿਸਾਨਾਂ ਵਿਰੁੱਧ ਤਾਕਤ ਦੀ ਵਰਤੋਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਜਾਂਚ ਕਰਵਾਉਣ ਦੇ ਯਤਨ ਨਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ। ਸੰਗਠਨ ਦਾ ਯੂਰਪੀਅਨ ਯੂਨੀਅਨ ਦੇ ਅੰਦਰ ਐਕਸ਼ਨ ਦਾ ਸੱਦਾ, ਤਾਕਤ ਅਤੇ ਦਮਨ ਦੀ ਅਸਾਧਾਰਣ ਵਰਤੋਂ ਦੇ ਵਿਰੁੱਧ, ਆਪਣੀ ਰੋਜ਼ੀ-ਰੋਟੀ ਅਤੇ ਅਧਿਕਾਰਾਂ ਲਈ ਲੜ ਰਹੇ ਲੋਕਾਂ ਨਾਲ ਵਿਸ਼ਵਵਿਆਪੀ ਏਕਤਾ ਲਈ ਇੱਕ ਵਿਆਪਕ ਅਪੀਲ ਨੂੰ ਦਰਸਾਉਂਦਾ ਹੈ।

## ਸਿੱਖ ਆਈਪੀਐੱਸ ਅ.ਫਸਰ ਸ. ਜਸਪ੍ਰੀਤ ਸਿੰਘ ਦੀ ਜਾਣਬੁੱਝ ਕਿਰਦਾਰਕੁਸ਼ੀ ਕਰਨੀ ਬੇਹੱਦ ਨਿੰਦਣਯੋਗ : ਜਥੇ. ਹਰਜਿੰਦਰ ਸਿੰਘ ਧਾਮੀ

**ਚੰਡੀਗੜ੍ਹ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-"ਪੱਛਮ ਬੰਗਾਲ ਵਿੱਚ ਭਾਜਪਾ ਦੇ ਆਗੂਆਂ ਵੱਲੋਂ ਉੱਥੇ ਡਿਊਟੀ ਨਿਭਾ ਰਹੇ ਇੱਕ ਸਿੱਖ ਆਈਪੀਐੱਸ ਅ.ਫਸਰ ਸ. ਜਸਪ੍ਰੀਤ ਸਿੰਘ ਦੀ ਜਾਣਬੁੱਝ ਕਿਰਦਾਰਕੁਸ਼ੀ ਕਰਨੀ



ਬੇਹੱਦ ਨਿੰਦਣਯੋਗ ਹੈ। ਦੇਸ਼ ਵਿੱਚ ਅਜਿਹੀ ਸੋਚ ਰੱਖਣ ਵਾਲੇ ਆਗੂਆਂ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਦੇਸ਼ ਦੀ ਅਜ਼ਾਦੀ ਅਤੇ ਰਖਵਾਲੀ ਲਈ ਸਿੱਖਾਂ ਨੇ ਹੀ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਸਿੱਖਾਂ ਨੂੰ ਕਿਸੇ ਤੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ, ਸਗੋਂ ਇਹ ਆਪਣੀ ਰਵਾਇਤਾਂ ਅਤੇ ਪਰੰਪਰਾਵਾਂ ਦੀ ਸੇਧ ਵਿੱਚ ਮਾਨਵ ਦੇਸ਼ ਕੌਮ ਲਈ ਸੇਵਾਵਾਂ ਨਿਭਾਉਣੀਆਂ ਜਾਣਦੇ ਹਨ। ਇਹ ਵੱਡਾ ਸਵਾਲ ਹੈ ਕਿ ਦੇਸ਼ ਦੇ ਵਿੱਚ ਅਜਿਹੇ ਲੋਕ ਜਾਣਬੁੱਝ ਕੇ ਨ.ਫਰਤੀ ਹਵਾ ਨੂੰ ਤੂਲ ਦਿੰਦੇ ਹਨ ਪਰ ਸਰਕਾਰਾਂ ਖਾਮੋਸ਼ ਰਹਿੰਦੀਆਂ ਹਨ। ਅਜਿਹਾ ਮਾਹੌਲ ਪੈਦਾ ਕਰਨ ਵਾਲੇ ਲੋਕਾਂ ਨੂੰ ਨੱਥ ਪਾਈ ਜਾਵੇ ਤਾਂ ਜੋ ਇਮਾਨਦਾਰੀ ਨਾਲ ਵੱਖ-ਵੱਖ ਖੇਤਰਾਂ ਵਿੱਚ ਡਿਊਟੀ ਨਿਭਾਉਣ ਵਾਲੇ ਲੋਕਾਂ ਨੂੰ ਨ.ਫਰਤੀ ਹਿੰਸਾ ਦਾ ਸ਼ਿਕਾਰ ਨਾ ਹੋਣਾ ਪਵੇ।"

## ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ ਜਨਮ ਦਿਵਸ ਵਾਲੇ ਦਿਨ ਜਿਨ੍ਹਾਂ ਮੁਲਾਜਮਾਂ ਦੀਆਂ ਡਿਊਟੀਆਂ ਸਰਕਾਰ ਵਲੋਂ ਲਾਇਆਂ ਗਇਆਂ ਹਨ ਛੋਟ ਦੇਣ ਬਾਰੇ ਮੰਗ ਪੱਤਰ : ਐਸ ਸੀ ਬੀ ਸੀ ਅਧਿਪਕ ਯੂਨੀਅਨ ਗਰਦਾਸਪੁਰ

ਪਠਾਨਕੋਟ, 20 ਫਰਵਰੀ (ਆਵਾਜ਼ਿ ਕੌਮ ਬਿਊਰੋ) SCBC ਅਧਿਆਪਕ ਯੂਨੀਅਨ ਗੁਰਦਾਸਪੁਰ ਵੱਲੋਂ 43 ਸਾਹਿਬ ਗੁਰਦਾਸਪੁਰ ਜੀ ਨੂੰ ਜੋ ਮਿਤਿ 24/2/2024 ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਵਸ ਵਾਲੇ ਦਿਨ BLO ਦੀ ਡਿਉਟੀ ਵੋਟਾਂ ਬਣਾਉਣ ਸੰਬੰਧੀ ਲਗਾਈ ਗਈ ਸੀ, ਉਸ ਦਿਨ ਸਾਰੇ ਮੁਲਾਜਮਾਂ ਨੂੰ ਇਸ ਡਿਉਟੀ ਤੋਂ ਛੋਟ ਦੇਣ ਲਈ ਐਸਸੀ ਬੀਸੀ ਮੁਲਾਜਮਾਂ ਵੱਲੋਂ ਡੀਸੀ ਸਾਹਿਬ ਗੁਰਦਾਸਪੁਰ ਜੀ ਨੂੰ ਮੰਗ ਪੱਤਰ ਦਿੱਤਾ ਗਿਆ। ਜੁਬਾਨੀ ਪਤਾ ਲੱਗਾ ਹੈ ਕਿ 43 ਸਾਹਿਬ ਜੀ ਨੇ ਤਰੁੰਤ ਮੰਗ ਨੂੰ ਮੰਨ ਕੇ ਮਿਤਿ 24/2/2024 ਨੂੰ ਬੀ ਐਲ ਓ ਦੀ ਡਿਉਟੀ ਤੋਂ ਰਾਹਤ ਦੇ ਦਿੱਤੀ ਹੈ। ਇਸ ਮੌਕੇ ਤੇ ਯੂਨੀਅਨ ਦੇ ਸੂਬਾ ਆਰਗੇਨਾਈਜੇਰ ਸਰਦਾਰ ਪਰਮਿੰਦਰ ਸਿੰਘ, ਜਿਲ੍ਹਾ ਪ੍ਰਧਾਨ ਰਛਪਾਲ ਸਿੰਘ ਭੁੰਬਲੀ, ਪਵਨ ਕੁਮਾਰ ਪੈਸੇ ਸਕੱਤਰ ਨਰੇਸ਼ ਕੁਮਾਰ ਖਜ਼ਾਨਚੀ, ਸੰਜੀਵ ਕੁਮਾਰ ਹੈੱਡ ਟੀਚਰ, ਜਗਦੀਸ਼ ਕੁਮਾਰ ਬੈਂਸ ਸੀਐਚਟੀ , ਸਾਮ ਲਾਲ ਹੈੱਡ ਟੀਚਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਏਕ ਪੇੜ ਦੇਸ਼ ਦੇ ਨਾਮ ਅਭਿਆਨ ਦੀ ਸਫਲਤਾ ਲਈ ਗੁਰੂ ਘਰੋਂ ਲਿਆ ਆਸ਼ੀਰਵਾਦ : ਇੰਜ ਕੋਹਲੀ



**ਚੌਂਕ ਮਹਿਤਾ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਏਕ ਪੇੜ ਦੇਸ਼ ਦੇ ਨਾਮ* ਅਭਿਆਨ ਦੀ ਕਾਮਯਾਬੀ ਦੇ ਵਾਸਤੇ ਅੱਜ ਪਿੰਡ ਵੱਲਾ ਦੇ ਗੁਰਦੁਆਰਾ ਸਾਹਿਬ ਵਿਖੇ ਕੋਠਾ ਦੇ ਮੇਲੇ ਦੇ ਮੌਕੇ ਤੇ ਇੰਜ ਦਲਜੀਤ ਸਿੰਘ ਕੋਹਲੀ ਜਨਰਲ ਸਕੱਤਰ ਏਕ ਪੇਡ ਦੇਸ਼ ਕੇ ਨਾਮ ਅਭਿਆਨ ਪੰਜਾਬ ਅਤੇ ਸ਼੍ਰੀ ਸੰਦੀਪ ਸਲੋਤਰਾ ਸਹਿ ਸੰਯੋਜਕ ਹਰਿਆਵਲ ਪੰਜਾਬ, ਵਲੋਂ ਸ਼੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਵਿੱਚ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ।ਸ਼੍ਰੀ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ੍ਰ ਜੋਬਨਜੀਤ ਸਿੰਘ ਸੰਕਰਪੁਰੀਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਸਪੈਕਟਰ ਸ੍ਰ ਸੁਖਵਿੰਦਰ ਸਿੰਘ ਹੁੰਦਲ ਜੀ ਵਲੋਂ ਸਰੋਪੇ ਸਾਹਿਬ ਦੀ ਬਖ਼ਸ਼ਿਸ਼ ਕਰਕੇ ਆਸ਼ੀਰਵਾਦ ਦਿੱਤਾ ਗਿਆ। ਇੰਜ ਦਲਜੀਤ ਸਿੰਘ ਕੋਹਲੀ ਨੇ ਗੁਰਦੁਆਰਾ ਸਾਹਿਬ ਵਿੱਚ ਜੁੜੀਆਂ ਹੋਈਆਂ ਸੰਗਤਾਂ ਨੂੰ ਪੰਜਾਬ ਦੇ ਵਾਤਾਵਰਨ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਸ਼ੁਧ ਵਾਤਾਵਰਨ ਵਾਸਤੇ ਰੁਖਾਂ ਦੀ ਪ੍ਰਤੀ ਵਿਅਕਤੀ ਗਿਣਤੀ 422 ਚਾਹੀਦੀ ਹੈ ਜ਼ੋ ਘੱਟ ਕੇ ਕੇਵਲ 28 ਰਹਿ ਗਈ ਹੈ ਇਸ ਲਈ ਉਨ੍ਹਾਂ ਨੇ ਸੰਗਤਾਂ ਨੂੰ ਏਕ ਪੇੜ ਦੇਸ਼ ਕੇ ਨਾਮ ਮੁਹਿੰਮ ਵਿੱਚ ਪੂਰਨ ਸਹਿਯੋਗ ਕਰਨ ਦੀ ਬੇਨਤੀ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਵਿੱਚ ਅੰਕਿਤ ਗੁਰੂਆਂ ਦੀ ਬਾਣੀ ਅਨੁਸਾਰ ਵਾਤਾਵਰਨ ਦੀ ਸੁਰੱਖਿਆ ਕਰਨ ਦੇ ਸੰਦੇਸ਼ ਅਨੁਸਾਰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਕਿਹਾ। ਇੰਜ ਦਲਜੀਤ ਸਿੰਘ ਕੋਹਲੀ ਨੇ ਮੇਲੇ ਵਿੱਚ ਪੁਜੀਆਂ ਸਮੂਹ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਇਕ ਪੇੜ ਦੇਸ਼ ਕੇ ਨਾਮ ਅਭਿਆਨ ਨਾਲ ਜੁੜ ਕੇ ਵਾਤਾਵਰਨ ਦੀ ਸਾਂਭ ਸੰਭਾਲ ਲਈ ਆਪੋ ਆਪਣਾ ਵੱਡਮੁੱਲਾ ਯੋਗਦਾਨ ਪਾਓ ਤਾਂ ਜ਼ੋ ਧਰਤੀ ਮਾਂ ਉਤੇ ਘੱਟ ਹੋਏ ਗ੍ਰੀਨ ਕਵਰ ਨੂੰ ਪੂਰਾ ਕੀਤਾ ਜਾ ਸਕੇ। ਗੁਰਦੁਆਰਾ ਸਾਹਿਬ ਦੇ ਕਵੀਸ਼ਰੀ ਕਰ ਰਹੇ ਸੇਵਾਦਾਰਾਂ ਵਲੋਂ ਸੰਗਤਾਂ ਨੂੰ ਏਕ ਪੇੜ ਦੇਸ਼ ਦੇ ਨਾਮ ਮੁਹਿੰਮ ਨੂੰ ਸਾਰਥਕ/ ਕਾਮਯਾਬ ਕਰਨ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕਰਦਿਆਂ ਏਸ ਮੁਹਿੰਮ ਨਾਲ ਜੁੜਨ ਲਈ ਕਿਹਾ।। ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਵੱਲੋਂ ਏਕ ਪੇੜ ਦੇਸ਼ ਦੇ ਨਾਮ ਅਭਿਆਨ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ










ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

## ਸਵ: ਸ: ਜੁਗਿੰਦਰ ਸਿੰਘ ਸੂਰਾਪੁਰੀ

(ਉਪ ਚੇਅਰਮੈਨ ਏਕ ਨੂਰ ਸਵੈ-ਸੇਵੀ ਸੰਸਥਾ ਪਠਲਾਵਾ) ਦੀ ਯਾਦ ਨੂੰ ਸਮਰਪਿਤ

# 26ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

**ਪ੍ਰੋਗਰਾਮ**



ਪੰਮਾ ਡੂੰਮੇਵਾਲੀਆ

ਮਿਤੀ : 3 ਮਾਰਚ 2024, ਦਿਨ ਐਤਵਾਰ ।

ਸਮਾਂ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : ਸਰਕਾਰੀ ਪ੍ਰਾ: ਸਕੂਲ ਪਠਲਾਵਾ ।

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ

ਮੁੱਖ ਮਹਿਮਾਨ : **ਸ: ਇੰਦਰਬੀਰ ਸਿੰਘ** (ਆਈ.ਪੀ.ਐਸ.), ਡੀ.ਆਈ. ਜੀ. ਐਡਮਨਿਸ਼ਟ੍ਰੇਸ਼ਨ ਪੀ.ਏ.ਪੀ. ਜਲੰਧਰ।

ਵਿਸ਼ੇਸ਼ ਮਹਿਮਾਨ:
- ਪਦਮ ਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ, ਯੂਨੀਕ ਹੋਮ, ਜਲੰਧਰ ।
- ਸ: ਪਿਆਰਾ ਸਿੰਘ ਨੂਰਪੁਰੀ ਕਨੇਡਾ ।
- ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂਸ਼ਹਿਰ ।॥ ਬੀ.ਡੀ.ਸੀ. ਨਵਾਂਸ਼ਹਿਰ ।
- ਪ੍ਰਧਾਨ, ਗੁਰੂ ਨਾਨਕ ਮਿਸ਼ਨ ਹਸਪਤਾਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ।
- ਐਸ. ਅਸ਼ੋਕ ਭੌਰਾ ਜਨਰਾਲਿਸਟ (ਉਘੇ ਕਾਲਮ ਨਵੀਸ) ਯੂ.ਐਸ.ਏ. ।

ਸਨਮਾਨਿਤ ਸੰਸਥਾਵਾਂ ਅਤੇ ਸ਼ਖਸੀਅਤਾਂ :
ਭਾਈ ਘਨੱਈਆ ਜੀ ਸੇਵਕ ਦਲ ਜਾਡਲਾ (ਜੋੜਿਆਂ ਦੀ ਫਰੀ ਸੇਵਾ)
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ ।

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।

ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

ਵਿਸ਼ੇਸ਼ ਆਕਰਸ਼ਨ : ਪੰਜਾਬੀ ਗਾਇਕ ਸਮਾਜਿਕ ਪੱਖ ਨੂੰ ਉਭਾਰਨ ਵਾਲੇ, ਸੱਭਿਆਚਾਰ ਦੇ ਅਲੰਬਰਦਾਰ **ਪੰਮਾ ਡੂੰਮੇਵਾਲੀਆ** ਆਪਣਾ ਪ੍ਰੋਗਰਾਮ ਪੇਸ਼ ਕਰਨਗੇ ।

**ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।**

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਠਲਾਵਾ ।

ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ।
ਮੋਬਾ: 98153-48143, 98140-23547

ਆਵਾਜ਼ਿ ਕੌਮ AWAZE QAUM International Newspaper & WEB TV

# ਅੱਜ 'ਤੇ ਵਿਸ਼ੇਸ਼ ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)

ਸ੍ਰੀ ਨਨਕਾਣਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਸਿੱਖਾਂ ਦੇ ਜੀਵਨ ਵਿੱਚ ਗੁਰਦੁਆਰਿਆਂ ਦਾ ਵਿਸ਼ੇਸ ਸਥਾਨ ਹੈ।ਪਹਿਲਾਂ ਗੁਰਦੁਆਰਿਆਂ ਨੂੰ ਕੋਈ ਆਮਦਨੀ ਨਹੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਕਾਰਜ ਕਾਲ ਦੌਰਾਨ ਗੁਰਦੁਆਰਾ ਨਨਕਾਣਾ ਸਾਹਿਬ ਦੇ ਨਾਂ ਬਹੁਤ ਜਮੀਨ ਜਾਇਦਾਦ ਲਾ ਦਿੱਤੀ, ਆਮਦਨੀ ਵਿੱਚ ਵਾਧਾ ਹੋਣ ਕਰਕੇ ਮਹੰਤ ਅਯਾਸ਼ੀ ਤੇ ਦੁਰਾਚਾਰੀ ਹੋ ਗਏ। ਨਨਕਾਣੇ ਸਾਹਬ ਦਾ ਮਹੰਤ ਸਾਧੂ ਰਾਮ ਵੀ ਸ਼ਰਾਬੀ ਤੇ ਦੁਰਾਚਾਰੀ ਸੀ। ਉਹ ਗੁਪਤ ਰੋਗ ਨਾਲ ਮਰ ਗਿਆ। ਫਿਰ ਕਿਸ਼ਨ ਦਾਸ ਮਹੰਤ ਬਣਿਆ।ਉਹ ਵੀ ਪਹਿਲੇ ਮਹੰਤ ਸਾਧੂ ਰਾਮ ਦੇ ਪਦਚਿੰਨ੍ਹਾਂ ਤੇ ਚੱਲਦਾ ਰਿਹਾ ਤੇ ਉਹਦੇ ਵਾਂਗ ਹੀ ਕਿਸ਼ਨ ਦਾਸ ਵੀ ਗੁਪਤ ਰੋਗ ਨਾਲ ਮਰ ਗਿਆ। ਇਸ ਦੂਜੇ ਮਹੰਤ ਤੋਂ ਬਾਅਦ ਉਸਦਾ ਚੇਲਾ ਨਰੈਣ ਦਾਸ ਨਨਕਾਣਾ ਸਾਹਿਬ ਦਾ ਮਹੰਤ ਬਣਿਆ।

ਉਸ ਵੇਲੇ ਪੰਜਾਬ ਦਾ ਗਵਰਨਰ 'ਮੈਕਲੇਗਨ' ਸੀ।ਇਸ ਮਹੰਤ ਨੇ ਸਿੱਖ ਸੰਗਤਾਂ ਨਾਲ ਲਿੱਖਤੀ ਇਕਰਾਮਨਾਮਾ ਕੀਤਾ ਕਿ ਮੈਂ ਪਹਿਲੇ ਮਹੰਤਾਂ ਦੀ ਤਰ੍ਹਾਂ ਕੋਈ ਵੀ ਗਲਤ ਕੰਮ ਨਹੀ ਕਰਾਗਾਂ, ਅਗਰ ਜੇ ਮੈਂ ਕੋਈ ਗਲਤ ਕੰਮ ਕਰਦਾ ਪਾਇਆ ਗਿਆ ਤਾਂ ਇਸ ਮਹੰਤੀ ਪਦ ਤੋਂ ਆਪਣਾ ਅਸਤੀਫਾ ਦੇ ਦਿਆਗਾਂ, ਪਰ ਜਲਦੀ ਹੀ ਨਰੈਣ ਦਾਸ ਵੀ ਪਹਿਲੇ ਮਹੰਤਾਂ ਦੀ ਤਰ੍ਹਾਂ ਹੀ ਸ਼ਰਾਬੀ, ਕਬਾਬੀ, ਅਯਾਸ਼ੀ, ਕੁਕਰਮੀ ਤੇ ਦੁਰਾਚਾਰੀ ਨਿਕਲਿਆ।ਇਸ ਨੇ ਨਨਕਾਣਾ ਸਾਹਿਬ ਦੇ ਅੰਦਰ ਇੱਕ ਮਰਾਸਣ ਰੱਖੀ ਹੋਈ ਸੀ।ਅੰਦਰ ਕੰਜਰੀਆਂ ਦੇ ਨਾਚ ਕਰਵਾਉਂਦਾ ਸੀ। ਗੁਰਦੁਆਰੇ ਮੱਥਾ ਟੇਕਣ ਆਈਆਂ ਬਹੂ, ਬੇਟੀਆਂ ਦੀ ਇੱਜਤ ਨਾਲ ਜਬਰਦਸਤੀ ਖੇਲਦਾ ਸੀ। ਮਹੰਤ ਦੀ ਇਸ ਕਰਤੂਤ ਨੇ ਸਿੱਖ ਹਿਰਦੇ ਛੱਲਣੀ ਕਰ ਦਿੱਤੇ। ਸਿੱਖ ਸਭਾਵਾਂ ਤੇ ਸੰਗਤਾਂ ਨੇ ਉਸ ਸਮੇਂ ਅੰਗਰੇਜ ਸਰਕਾਰ ਨੂੰ ਕਈ ਲਿਖਤੀ ਅਪੀਲਾਂ ਦਲੀਲਾਂ ਕੀਤੀਆਂ। ਪਰ ਕੋਈ ਹੱਲ ਨਾ ਨਿਕਲਿਆ।ਇਸ ਮਹੰਤ ਨੂੰ ਸਰਕਾਰੀ ਸ਼ਹਿ ਪ੍ਰਾਪਤ ਸੀ। ਇੱਕ ਤਾਂ ਅੰਗਰੇਜ ਹਕੂਮਤ ਚਾਹੁੰਦੀ ਸੀ ਕਿ ਸਿੱਖ ਆਪਸ ਵਿੱਚ ਇਸੇ ਤਰ੍ਹਾਂ ਲੜਦੇ ਰਹਿਣ ਤੇ ਸਾਡਾ ਰਾਜ ਸੁਰੱਖਿਅਤ ਰਹੇਗਾ।

ਸਿੱਖਾਂ ਵੱਲੋਂ ਅਕਤੂਬਰ 1920 ਵਿੱਚ ਪਿੰਡ ਧਾਰੋਵਾਲ ਵਿੱਚ ਇੱਕ ਭਾਰੀ ਦੀਵਾਨ ਕੀਤਾ ਗਿਆ। ਜਿਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ ਮਹੰਤ ਨਰੈਣ ਦਾਸ ਨੂੰ ਸਮਝਾਇਆਂ ਜਾਵੇ, ਪਰ ਮਹੰਤ ਨੇ ਕਿਸੇ ਦੀ ਨਾ ਮੰਨੀ।ਜਦੋਂ ਇਹ ਖਬਰ ਭਾਈ ਲਛਮਣ ਸਿੰਘ ਧਾਰੋਵਾਲੀ ਕੋਲ ਪਹੁੰਚੀ ਤਾਂ ਉਸ ਨੇ ਕਰਤਾਰ ਸਿੰਘ ਝੱਬਰ ਤੇ ਭਾਈ ਬੂਟਾ ਸਿੰਘ ਨਾਲ ਮਿਲ ਕੇ ਨਨਕਾਣਾ ਸਾਹਿਬ ਨੂੰ ਮਹੰਤ ਦੇ ਕਬਜ਼ੇ 'ਚੋਂ ਅਜ਼ਾਦ ਕਰਾਉਣ ਲਈ 20 ਫਰਵਰੀ 1921 ਦਾ ਦਿਨ ਨਿਸਚਿਤ ਕਰ ਲਿਆ, ਪਰ ਸ਼ਰਤ ਇਹ ਸੀ ਕਿ ਇਹ ਫੈਸਲਾ ਗੁਪਤ ਰੱਖਿਆ ਜਾਵੇਗਾ। ਕਈ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਸ ਸਾਰੀ ਕਾਰਵਾਈ ਦਾ ਸੁਰਾਗ ਸ੍ਰ. ਹਰਚੰਦ ਸਿੰਘ, ਸ੍ਰ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਨੂੰ ਲੱਗ ਗਿਆ। ਇਹਨਾਂ ਨੇ ਸ੍ਰ. ਸਰਦੂਲ ਸਿੰਘ ਕਵੀਸ਼ਰ, ਮਾ: ਸੁੰਦਰ ਸਿੰਘ ਲਾਇਲਪੁਰੀ, ਜਸਵੰਤ ਸਿੰਘ ਝਬਾਲ ਤੇ ਦਲੀਪ ਸਿੰਘ ਸਾਂਗਲਾ ਨਾਲ ਮੀਟਿੰਗ ਕਰਕੇ ਇਸ ਜਥੇ ਨੂੰ ਰੋਕਣ ਦਾ ਫੈਸਲਾ ਕੀਤਾ। ਸ੍ਰ. ਦਲੀਪ ਸਿੰਘ ਨੂੰ ਸ੍ਰ. ਝੱਬਰ ਪਾਸ ਭੇਜਿਆ।



ਉਹਨਾਂ ਨੇ ਝੱਬਰ ਨੂੰ ਮਨਾ ਲਿਆ ਕਿ ਸ਼੍ਰੋਮਣੀ ਕਮੇਟੀ ਦੇ ਫੈਸਲੇ ਦੇ ਵਿਰੁੱਧ ਨਾ ਜਾਇਆ ਜਾਵੇ।ਦਲੀਪ ਸਿੰਘ ਨੇ ਝੱਬਰ ਕੋਲ ਜ਼ਿੰਮੇਵਾਰੀ ਲਈ ਕਿ ਸ੍ਰ. ਲਛਮਣ ਸਿੰਘ ਧਾਰੋਵਾਲੀ ਨੂੰ ਵੀ ਮਨਾ ਲਿਆ ਜਾਵੇਗਾ। ਉਹਨਾਂ ਸ੍ਰ. ਵਰਿਆਮ ਸਿੰਘ ਰਾਹੀਂ ਸ੍ਰ. ਲਛਮਣ ਸਿੰਘ ਧਾਰੋਵਾਲੀ ਨੂੰ ਚਿੱਠੀ ਭੇਜੀ ਕਿ ਵਾਪਸ ਮੁੜਿਆ ਜਾਵੇ, ਉਹ ਮੰਨ ਵੀ ਗਏ, ਪਰ ਸ੍ਰ. ਟਹਿਲ ਸਿੰਘ ਦੇ ਕਹਿਣ ਤੇ ਕਿ ਅਸੀ ਅਰਦਾਸ ਕਰਕੇ ਤੁਰੇ ਹਾਂ ਕਿ ਚਾਹੇ ਸ਼ਹੀਦੀ ਦੇਣੀ ਪਵੇ ਗੁ. ਸਾਹਬ ਨੂੰ ਅਜ਼ਾਦ ਕਰਾਉਣ ਤੋਂ ਬਿਨ੍ਹਾਂ ਅਸੀ ਪਿੱਛੇ ਨਹੀ ਹਟਾਂਗੇ।ਭਾਈ ਲਛਮਣ ਸਿੰਘ ਨੇ ਜਥੇ ਸਮੇਤ ਫਿਰ ਗੁ. ਸਾਹਬ ਨੂੰ ਅਜ਼ਾਦ ਕਰਾਉਣ ਲਈ ਚਾਲੇ ਪਾ ਦਿੱਤੇ।ਇਸ ਸਾਰੀ ਕਾਰਵਾਈ ਦੀ ਖਬਰ ਮਹੰਤ ਨਰੈਣ ਦਾਸ ਨੂੰ ਪਹਿਲਾਂ ਹੀ ਲੱਗ ਗਈ। ਸਰਕਾਰੀ ਸ਼ਹਿ ਪ੍ਰਾਪਤ ਮਹੰਤ ਨੇ ਪਹਿਲਾਂ ਹੀ ਨਨਕਾਣਾ ਸਾਹਿਬ ਵਿਖੇਬੰਦੂਕਾਂ, ਪਿਸਤੋਲ, ਗੋਲੀ, ਸਿੱਕਾ, ਬਾਰੂਦ, ਛਵੀਆਂ, ਕ੍ਰਿਪਾਨਾਂ, ਗੰਡਾਸੇ, ਮਿੱਟੀ ਤੇ ਪੈਟਰੋਲ ਦੇ ਤੇਲ ਦੀਆਂ ਕੈਨੀਆਂ, ਤੇਜਧਾਰ ਹਥਿਆਰ ਤੇ ਇੱਟਾਂ ਰੋੜੇ ਕੋਠਿਆਂ ਉੱਪਰ ਇੱਕਠੇ ਕਰ ਲਏ ਸਨ।ਮਹੰਤ ਦੀ ਇਸ ਤਿਆਰੀ ਦੀ ਖਬਰ ਸ੍ਰ. ਲਛਮਣ ਸਿੰਘ ਧਾਰੋਵਾਲੀ ਨੂੰ ਵੀ ਲੱਗ ਗਈ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰ. ਸਰਦੂਲ ਸਿੰਘ ਕਵੀਸ਼ਰ 'ਅਕਾਲੀ' ਵਿੱਚ ਲਿੱਖਦੇ ਹਨ ਕਿ ਭਾਈ ਲਛਮਣ ਸਿੰਘ ਧਾਰੋਵਾਲੀ ਆਪਣੇ ਜਥੇ ਸਮੇਤ 20 ਫਰਵਰੀ 1921 ਨੂੰ ਗੁਰਦੁਆਰਾ ਨਨਕਾਣਾ ਸਾਹਿਬ ਪਹੁੰਚ ਗਏ।ਭਾਈ ਲਛਮਣ ਸਿੰਘ ਦਾ ਜਥਾ ਤਾਂ ਇਹ ਅਰਦਾਸ ਕਰਕੇ ਤੁਰਿਆ ਸੀ ਕਿ ਕਿਸੇ ਵੀ ਕੀਮਤ ਤੇ ਹੱਥ ਨਹੀ ਚੁੱਕਿਆ ਜਾਵੇਗਾ, ਹਰ ਹਾਲਤ ਸ਼ਾਤਮਈ ਤਰੀਕੇ ਨਾਲ ਰੋਸ ਪ੍ਰਗਟ ਕੀਤਾ ਜਾਵੇਗਾ।ਭਾਈ ਲਛਮਣ ਸਿੰਘ ਨੇ ਜਥੇ ਸਮੇਤ ਨਨਕਾਣਾ ਸਾਹਿਬ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਕੇ ਗੁ. ਸਾਹਿਬ ਦੇ ਅੰਦਰ 'ਆਸਾ ਦੀ ਵਾਰ' ਦਾ ਕੀਰਤਨ ਸ਼ੁਰੂ ਕਰ ਦਿੱਤਾ।ਮਹੰਤ ਆਪਣੇ ਗੁੰਡਿਆਂ ਸਮੇਤ ਕੋਠਿਆਂ ਉੱਪਰ ਚੜ੍ਹ ਗਿਆ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।ਕਈ ਸਿੰਘ ਸ਼ਹੀਦ ਹੋ ਗਏ ਤੇ ਕਈ ਫੱਟੜ ਹੋ ਗਏ।

ਲਛਮਣ ਸਿੰਘ ਤੇ ਹੋਰ ਸਿੰਘਾਂ ਨੇ ਮਹੰਤ ਨੂੰ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਮਹੰਤ ਦੇ ਸਿਰ ਤਾਂ ਖ਼ੂਨ ਸਵਾਰ ਸੀ। ਸਿੰਘਾਂ ਨੇ ਹੱਥ ਨਾ ਚੁੱਕਣ ਦਾ ਪ੍ਰਣ ਕੀਤਾ ਹੋਇਆਂ ਸੀ।ਬਚੇ ਸਿੰਘਾਂ ਨੇ ਜਥੇਦਾਰਾਂ ਦੇ ਕਹਿਣ ਤੇ ਲਾਗੇ ਕੋਠੜੀਆਂ ਵਿੱਚ ਵੜ ਕੇ ਦਰਵਾਜੇ ਅੰਦਰੋਂ ਬੰਦ ਕਰ ਲਏ।ਭਾਈ ਲਛਮਣ ਸਿੰਘ ਧਾਰੋਵਾਲੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੇ ਬੈਠ ਗਏ। ਮਹੰਤ ਤੇ ਉਸਦੇ ਗੁੰਡੇ ਕੋਠਿਆਂ ਤੋਂ ਨੀਚੇ ਆ ਕੇ ਦਰਵਾਜੇ ਭੰਨਣ ਲੱਗ ਪਏ।ਦਰਵਾਜਿਆਂ ਰਾਹੀਂ ਅੰਦਰ ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕਈ ਸਿੰਘ ਫੱਟੜ ਤੇ ਕਈ ਸ਼ਹੀਦ ਹੋ ਗਏ। ਜਾਲਮਾਂ ਨੇ ਦਰਵਾਜੇ ਭੰਨ ਕੇ ਬਚੇ ਹੋਏ ਸਿੰਘਾਂ ਦੇ ਤੇਜਧਾਰ ਹਥਿਆਰਾਂ ਨਾਲ ਟੁੱਕੜੇ ਕਰਨੇ ਸ਼ੁਰੂ ਕਰ ਦਿੱਤੇ। ਕਈਆਂ ਨੂੰ ਭੱਠੀਆਂ ਵਿੱਚ ਸੁੱਟਿਆ ਗਿਆ। ਲਗਭਗ 150 ਦੇ ਕਰੀਬ ਸਿੰਘ ਸ਼ਹੀਦ ਹੋ ਗਏ।

ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੋਂ ਖਿੱਚ ਕੇ ਬਾਹਰ ਜੰਡ ਨਾਲ ਬੰਨ੍ਹ ਕੇ ਮਿੱਟੀ ਦਾ ਤੇਲ ਪਾ ਕੇ ਜਿਊਂਦਾ ਸਾੜਿਆ ਗਿਆ। ਕੁੱਝ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਲੱਗੀਆਂ। ਜਿਸਨੂੰ 'ਸ਼ਹੀਦੀ ਬੀੜ' ਕਿਹਾ ਜਾਦਾਂ ਹੈ। ਉਸ ਸਮੇਂ ਦੇ ਡੀ.ਸੀ ਮਿ:ਕੱਰੀ ਤੇ ਲਾਹੌਰ ਡਵੀਜਨ ਦੇ ਕਮਿਸ਼ਨਰ ਮਿ: ਕਿੰਗ ਜੋ ਤਾਰ ਮਿਲਣ ਤੇ ਵੀ ਸਮੇਂ ਸਿਰ ਨਹੀ ਪਹੁੰਚੇ। ਇਸ ਗੱਲ ਤੋਂ ਮਹੰਤ ਨੂੰ ਸਰਕਾਰੀ ਸ਼ਹਿ ਦੇ ਸਬੂਤ ਮਿਲਦੇ ਹਨ। ਇਹ ਖਬਰ ਸਾਰੇ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਈ। 20 ਫਰਵਰੀ ਦੀ ਰਾਤ ਨੂੰ ਕਈ ਸਿੱਖ ਨੇਤਾ ਨਨਕਾਣਾ ਸਾਹਿਬ ਪਹੁੰਚ ਗਏ। ਜਦ 21 ਫਰਵਰੀ 1921 ਨੂੰ ਗੁ: ਸਾਹਿਬ ਦੇ ਦਰਵਾਜੇ ਖੋਲੇ ਗਏ ਤਾਂ ਅੰਦਰ ਦਾ ਮੰਜਰ ਦੇਖ ਕੇ ਸਭ ਦੇ ਦਿਲ ਦਹਿਲ ਗਏ। ਅੱਖਾਂ ਵਿੱਚੋਂ ਹੰਝੂ ਨਿਕਲ ਤੁਰੇ। ਅੰਦਰ ਬੜਾ ਡਰਾਉਣਾ ਦ੍ਰਿਸ਼ ਪੇਸ਼ ਕਰ ਰਿਹਾ ਸੀ। ਥਾਂ-ਥਾਂ ਕੇਸ ਤੇ ਕੰਘੇ ਖਿੱਲਰੇ ਪਏ ਸਨ। ਅੱਧ ਸੜੀਆਂ ਲਾਸ਼ਾ ਦੇ ਪੰਜ ਢੇਰ ਵੱਖੋ-ਵੱਖਰੇ ਲੱਗੇ ਸਨ। 56 ਖੋਪਰੀਆਂ, ਭੱਠੀ ਵਿੱਚ ਸੜੇ 6 ਕੜੇ ਤੇ ਕੋਠਿਆਂ ਉੱਪਰ ਵੱਖ-ਵੱਖ 24 ਢੇਰ ਇੱਟਾਂ ਰੋੜਿਆ ਦੇ ਪਏ ਮਿਲੇ ਸਨ। ਇਸ ਤੋਂ ਬਾਅਦ ਮਹੰਤ ਨੂੰ ਗੁੰਡਿਆਂ ਸਮੇਤ ਗ੍ਰਿਫਤਾਰ ਕਰ ਲਿਆ, ਪਰ ਗੁਰਦੁਆਰੇ ਦੀਆਂ ਚਾਬੀਆਂ ਅੰਗਰੇਜ ਸਰਕਾਰ ਨੇ ਆਪਣੇ ਕੋਲ ਰੱਖ ਲਈਆਂ।

21 ਫਰਵਰੀ ਨੂੰ ਕਰਤਾਰ ਸਿੰਘ ਝੱਬਰ 2200 ਦੇ ਕਰੀਬ ਮਰਜੀਵੜਿਆਂ ਦੇ ਜਥੇ ਸਮੇਤ ਨਨਕਾਣਾ ਸਾਹਿਬ ਪਹੁੰਚ ਗਏ ਤੇ ਕਾਫੀ ਜਦੋਜਹਿਦ ਤੋਂ ਬਾਅਦ ਚਾਬੀਆਂ ਪ੍ਰਾਪਤ ਕਰਕੇ ਗੁ: ਸਾਹਬ ਤੇ ਕਬਜਾ ਕਰਨ ਵਿੱਚ ਕਾਮਯਾਬ ਹੋ ਗਏ। ਮਹੰਤ ਦੇ ਕਬਜੇ ਵਿੱਚੋਂ ਗੁ. ਸਾਹਬ ਨੂੰ 21 ਫਰਵਰੀ 1921 ਨੂੰ ਅਜ਼ਾਦ ਕਰਾ ਲਿਆ। ਇੰਨ੍ਹਾਂ ਸ਼ਹੀਦੀਆਂ ਤੋਂ ਬਾਅਦ ਗੁਰਦੁਆਰੇ ਮਹੰਤਾਂ ਤੋਂ ਸਦਾ ਲਈ ਅਜ਼ਾਦ ਹੋ ਗਏ।ਮਹੰਤ ਨੇ ਜੋ ਕਰਤੂਤ ਗੁ. ਸਾਹਬ ਵਿੱਚ ਕੀਤੀ ਇਹ ਖਬਰ ਸੁਣ ਕੇ ਮਹਾਤਮਾ ਗਾਂਧੀ ਵੀ ਨਨਕਾਣਾ ਸਾਹਬ ਪਹੁੰਚੇ ਤੇ ਕਿਹਾ ਕਿ ਅਜ਼ਾਦੀ ਦੀ ਪਹਿਲੀ ਲੜਾਈ ਸਿੱਖਾਂ ਨੇ ਜਿੱਤ ਲਈ ਹੈ। ਮਾ:ਤਾਰਾ ਸਿੰਘ ਵੀ ਰੋਸ ਪ੍ਰਗਟ ਕਰਨ ਲਈ ਪਹੁੰਚੇ ਤੇ ਸ੍ਰ. ਭਗਤ ਸਿੰਘ ਕਾਲੀ ਪੱਗ ਬੰਨ੍ਹ ਕੇ ਰੋਸ ਵਜੋਂ ਨਨਕਾਣਾ ਸਾਹਬ ਪਹੁੰਚੇ। ਪਾਪੀ ਨਰੈਣ ਦਾਸ ਨੂੰ 12 ਅਕਤੂਬਰ 1921 ਨੂੰ ਸ਼ੈਸ਼ਨ ਜੱਜ ਨੇ 7 ਸਾਥੀਆਂ ਸਮੇਤ ਫਾਂਸੀ ਦੀ ਸਜਾ ਸੁਣਾਈ। 8 ਕਾਤਲ ਕਾਲੇਪਾਣੀ ਤੇ 16 ਪਠਾਣਾਂ ਨੂੰ 7 ਸਾਲ ਦੀ ਕੈਦ ਸੁਣਾਈ ਗਈ। ਪਰ ਮਹੰਤ ਦੇ ਹਾਈਕੋਰਟ ਵਿੱਚ ਅਪੀਲ ਕਰਨ ਤੇ 3 ਮਾਰਚ 1922 ਦੇ ਫੈਸਲੇ ਅਨੁਸਾਰ ਕਿ ਮਹੰਤ ਨੇ ਆਪਣੇ ਬਚਾਅ ਵਿੱਚ ਇਹ ਕਦਮ ਚੁੱਕਿਆ ਹੈ। ਉਸਨੂੰ ਫਾਂਸੀ ਦੀ ਥਾਂ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ। ਮਹੰਤ ਨੂੰ ਸਰਕਾਰੀ ਸ਼ਹਿ ਪ੍ਰਾਪਤ ਹੋਣ ਦਾ ਇਹ ਪੁੱਖਤਾ ਸਬੂਤ ਸੀ।

**-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ:ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ-143022**

# ਜੈਤੋ ਦਾ ਮੋਰਚਾ : 100 ਸਾਲਾ ਸ਼ਤਾਬਦੀ 'ਤੇ ਵਿਸ਼ੇਸ਼

ਗੁਰਦੁਆਰਾ ਟਿੱਬੀ ਸਾਹਿਬ ਤੇ ਗੁਰਦੁਆਰਾ ਗੰਗਸਰ ਸਾਹਿਬ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1761 ਬਿ: ਸੰਮਤ 1704 ਈ:ਵਿੱਚ ਆਪਣੇ ਚਰਨ ਪਾਏ। ਗੁ. ਗੰਗਸਰ ਸਾਹਿਬ ਵਿਖੇ ਇੱਕ ਬ੍ਰਹਮਣ ਨੂੰ ਚਲਦੀ ਗੰਗਾ ਵਿਖਾਈ ਤੇ ਉਸਦਾ ਹਰਿਦੁਆਰ ਵਿੱਚ ਗੁਆਚਾ ਗੜਵਾ ਇਸ ਥਾਂ ਤੋਂ ਲੱਭਾ। ਇਸ ਲਈ ਇਸ ਅਸਥਾਨ ਦਾ ਨਾਂ 'ਗੰਗਸਰ ਸਾਹਿਬ' ਪ੍ਰਸਿੱਧ ਹੋ ਗਿਆ। ਜੈਤੋ ਦੇ ਮੋਰਚੇ ਸਮੇਂ ਇਹ ਇਲਾਕਾ ਨਾਭਾ ਰਿਆਸਤ ਵਿੱਚ ਆਉਂਦਾ ਸੀ।ਉਸ ਸਮੇਂ ਨਾਭਾ ਦਾ ਰਾਜਾ ਰਿਪੁਦਮਨ ਸਿੰਘ ਸੀ। ਰਾਜਾ ਰਿਪੁਦਮਨ ਸਿੰਘ 24 ਜਨਵਰੀ 1912 ਨੂੰ 28 ਸਾਲ ਦੀ ਉਮਰ ਵਿੱਚ ਗੱਦੀ ਤੇ ਬੈਠਾ ਸੀ।ਰਾਜਾ ਸਾਹਿਬ ਸਿੱਖਾਂ ਵਿੱਚ ਹਰਮਨ ਪਿਆਰੇ ਰਾਜੇ ਸਨ। ਉਹਨਾਂ ਨੇ ਅਕਾਲੀਆਂ ਨੂੰ ਗੁਰਦੁਆਰਾ ਸੁਧਾਰ ਲਹਿਰ ਵਿੱਚ ਹਿੱਸਾ ਲੈਣ ਦੀ ਪੂਰੀ ਖੁੱਲ ਦੇ ਰੱਖੀ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਦਿਹਾੜਾ ਪਹਿਲੀ ਵਾਰੀ ਨਾਭਾ ਰਿਆਸਤ ਵਿੱਚ ਮਨਾਇਆਂ ਗਿਆ। ਜਿਸਦਾ ਅੰਗਰੇਜ਼ ਹਕੂਮਤ ਨੇ ਬੁਰਾ ਮਨਾਇਆ। ਇਸੇ ਲਈ ਅੰਗਰੇਜ਼ ਨਾਭਾ ਦੇ ਰਾਜਾ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਂਭੇ ਕਰਨਾ ਚਾਹੁੰਦੇ ਸਨ। ਉਧਰ ਪਟਿਆਲਾ ਦੇ ਰਾਜਾ ਭੁਪਿੰਦਰ ਸਿੰਘ ਨਾਲ ਰਾਜਾ ਰਿਪਦੁਮਨ ਸਿੰਘ ਦੀ ਬਣਦੀ ਨਹੀ ਸੀ, ਇਸੇ ਲਈ ਉਸਨੇ ਰਾਜਾ ਰਿਪਦੁਮਨ ਸਿੰਘ ਤੇ ਅੱਠ ਮੁਕੱਦਮੇ ਕੀਤੇ ਹੋਏ ਸਨ। ਅੰਗਰੇਜ਼ ਹਕੂਮਤ ਨੇ ਇਸੇ ਝਗੜੇ ਨੂੰ ਮੁੱਦਾ ਬਣਾ ਕੇ ਆਪਣਾ ਵਾਰ ਕੀਤਾ। ਰਾਜਾ ਰਿਪਦੁਮਨ ਸਿੰਘ ਦੇ ਅਹਿਲਕਾਰਾਂ ਨੂੰ ਖਰੀਦ ਲਿਆ ਤੇ ਰਾਜਾ ਸਹਿਬ ਨੂੰ ਕੋਈ ਨਸ਼ੀਲੀ ਚੀਜ਼ ਖੁਆ ਦਿੱਤੀ, ਜਿਸ ਨਾਲ ਰਾਜਾ ਸਾਹਬ ਦਾ ਦਿਮਾਗੀ ਸੰਤੁਲਨ ਵਿਗੜ ਗਿਆ ਤੇ ਹੋਰ ਕਈ ਝੂਠੇ ਇਲਜਾਮ ਲਗਾ ਕੇ ਰਾਜਾ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਤੇ ਜਲਾਵਤਨ ਕਰ ਦਿੱਤਾ।

ਮਾ: ਤਾਰਾ ਸਿੰਘ ਇਹ ਸਾਰੇ ਹਲਾਤ 'ਅਕਾਲੀ ਪ੍ਰਦੇਸੀ' ਵਿੱਚ ਲਿੱਖਦੇ ਹਨ। ਜਿਸ ਨਾਲ ਸਾਰੇ ਪੰਥ ਵਿੱਚ ਜੋਸ਼ ਭਰ ਗਿਆ। ਫਿਰ 5 ਅਗਸਤ 1925 ਨੂੰ ਗੁ. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਹਾਰਾਜਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ। 4 ਸਤੰਬਰ 1923 ਨੂੰ ਸ਼੍ਰੋਮਣੀ ਕਮੇਟੀ ਨੇ ਜੈਤੋ ਦੇ ਮੋਰਚੇ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ। 120 ਸਿੰਘਾਂ ਦਾ ਜਥਾ ਮੁਕਤਸਰ ਦੇ ਰਸਤੇ ਜੈਤੋ ਭੇਜਿਆ। ਮਹਾਰਾਜੇ ਦੀ ਬਹਾਲੀ ਲਈ ਭਾਸ਼ਣ ਦਿੱਤੇ ਗਏ ਤੇ ਸ੍ਰੀ ਅਖੰਡ ਪਾਠ ਸਾਹਬ ਰੱਖਿਆ ਗਿਆ। ਉਸੇ ਵੇਲੇ ਸਾਰੇ ਜਥੇ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸ੍ਰੀ ਅਖੰਡ ਪਾਠ ਕਰ ਰਹੇ ਪਾਠੀ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ, ਜਿਸ ਨਾਲ ਅਖੰਡ ਪਾਠ ਸਾਹਿਬ ਖੰਡਿਤ ਹੋ ਗਿਆ।



15 ਸਤੰਬਰ ਤੋਂ ਰੋਜ਼ਾਨਾ 25 ਸਿੰਘਾਂ ਦਾ ਜਥਾ ਜੈਤੋ ਪਹੁੰਚਦਾ ਤੇ ਬੇਝਿਜਕ ਗ੍ਰਿਫਤਾਰੀਆਂ ਦਿੰਦਾ।ਕਾਂਗਰਸ ਪਾਰਟੀ ਦੇ ਮੈਂਬਰ ਪੰਡਿਤ ਜਵਾਹਰ ਲਾਲ ਨਹਿਰੂ, ਕੇ-ਸਨਾਤਨਮ ਅਤੇ ਪ੍ਰਿੰ. ਗਿਡਵਾਨੀ ਵੀ ਜੈਤੋ ਵਿਖੇ ਪਹੁੰਚੇ ਤੇ ਉੱਥੇ ਉਨ੍ਹਾਂ ਨੂੰ ਐਡਮਨਿਸਟਰੇਟਰ ਵਿਲਸਨ ਜਾਨਸਟਨ ਦੇ ਆਦੇਸ਼ ਤੇ ਗ੍ਰਿਫਤਾਰ ਕਰ ਲਿਆ, ਪਰ ਬਾਅਦ ਵਿੱਚ ਰਿਹਾਅ ਕਰ ਦਿੱਤਾ ਗਿਆ। 13 ਅਕਤੂਬਰ 1923 ਨੂੰ 59 ਅਕਾਲੀ ਮੁੱਖੀਆਂ ਵਿਰੁੱਧ ਕੇਸ ਦਾਇਰ ਕਰਕੇ ਗ੍ਰਿਫਤਾਰ ਕਰ ਲਿਆ। 9 ਫਰਵਰੀ 1924 ਨੂੰ ਸ੍ਰੀ ਅਕਾਲ ਤਖਤ ਸਾਹਬ ਤੋਂ ਸ਼ਹੀਦੀ ਜਥਾ ਖੰਡਿਤ ਹੋਏ ਸ੍ਰੀ ਅਖੰਡ ਪਾਠ ਸਾਹਬ ਨੂੰ ਦੁਬਾਰਾ ਜਾਰੀ ਕਰਨ ਲਈ ਜੈਤੋ ਪਹੁੰਚਿਆ। 20 ਫਰਵਰੀ ਨੂੰ ਫਰੀਦਕੋਟ ਵਿੱਚ ਪਿੰਡ ਬਰਗਾੜੀ ਅਸਥਾਨ ਤੇ ਡੇਰਾ ਲਾਇਆ ਤੇ 21 ਫਰਵਰੀ ਨੂੰ ਇਸ ਜਥੇ ਨੇ ਜੈਤੋ ਵੱਲ ਚਾਲੇ ਪਾ ਦਿੱਤੇ।

ਡਾ: ਕਿਚਲੂ, ਪ੍ਰਿੰ. ਗਿਡਵਾਨੀ ਤੇ ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਮਿ: ਜ਼ਿਮੰਦ ਵੀ ਜਥੇ ਦੇ ਨਾਲ ਸਨ। ਜੈਤੋ ਦੀ ਹੱਦ ਤੇ ਪਹੁੰਚਣ ਤੇ ਇਹਨਾਂ ਨੇਤਾਵਾਂ ਨੂੰ ਰੋਕ ਲਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਉਠਾਈ ਜਾ ਰਹੇ ਸਨ।ਗੁ: ਗੰਗਸਰ ਸਾਹਬ ਜਾਣ ਵਾਲੇ ਰਸਤੇ ਨੂੰ ਕੰਡਿਆਲੀ ਤਾਰ ਨਾਲ ਰੋਕਾਂ ਲਾਈਆਂ ਹੋਈਆਂ ਸਨ। ਉੱਥੇ ਵਿਲਸਟਨ ਜਨਸਟਨ ਐਡਮਨਿਸਟਰੇਟਰ ਤੇ ਹੋਰ ਫੌਜ ਮੁੱਖੀ ਮੌਜੂਦ ਸਨ।ਜਿੰਨ੍ਹਾਂ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਿਆ, ਪਰ ਜਥਾ ਵਹਿਗੁਰੂ ਦਾ ਜਾਪ ਕਰਦਾ ਹੋਇਆ ਅੱਗੇ ਵੱਧਦਾ ਜਾ ਰਿਹਾ ਸੀ। ਜਥਾ ਰੁੱਕਦਾ ਨਾ ਵੇਖ ਕੇ ਵਿਲਸਟਨ ਨੇ ਆਪਣੇ ਸਾਥੀਆਂ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਜਥੇ ਉੱਪਰ ਵੇਖਦੇ ਹੀ ਵੇਖਦੇ ਚਾਰ ਚੁਫੇਰੇ ਤੋਂ ਗੋਲੀਬਾਰੀ ਹੋਣ ਲੱਗ ਪਈ, ਪਰ ਜਥਾ ਗੋਲੀਆਂ ਦੀ ਵਾਛੜ ਵਿੱਚ ਵੀ ਅੱਗੇ ਵੱਧਣ ਤੋਂ ਨਾ ਰੁਕਿਆ।ਇਸ ਗੋਲੀਬਾਰੀ ਦੌਰਾਨ ਕੁੱਝ ਫੱਟੜ ਹੋ ਗਏ ਤੇ ਕੁੱਝ ਸ਼ਹੀਦ ਹੋ ਗਏ ਤੇ ਕੁੱਝ ਬੱਚ ਕੇ ਗੁ: ਟਿੱਬੀ ਸਾਹਬ ਪਹੁੰਚ ਗਏ।ਇਹ ਗੁ: ਗੰਗਸਰ ਸਾਹਬ ਦੇ ਬਿਲਕੁਲ ਨਜ਼ਦੀਕ ਹੈ। ਬਾਕੀ ਬਚੇ ਹੋਏ ਸਿੰਘਾਂ ਤੇ ਅੰਗਰੇਜ਼ ਹਕੂਮਤ ਨੇ ਕਹਿਰ ਢਾਹਿਆ ਤੇ ਬਿਨ੍ਹਾਂ ਮੁਕੱਦਮਾ ਚਲਾਏ ਦੋ-ਦੋ ਮਹੀਨੇ ਕੈਦ ਵਿੱਚ ਰੱਖਿਆ।

ਡਾ: ਕਿਚਲੂ ਤੇ ਗਿਡਵਾਨੀ ਨਾਲ ਵੀ ਬਹੁਤ ਬੁਰਾ ਸਲੂਕ ਕੀਤਾ ਗਿਆ ਤੇ ਇਹਨਾਂ ਨੂੰ ਵੀ ਦੋ ਮਹੀਨੇ ਕੈਦ ਵਿੱਚ ਰੱਖਿਆ ਗਿਆ। ਇੰਨ੍ਹਾਂ ਸ਼ਹੀਦੀਆਂ ਪਿੱਛੋਂ ਪੰਜ-ਪੰਜ ਸੌ ਦੇ ਸ਼ਹੀਦੀ ਜਥੇ ਜੈਤੋ ਪਹੁੰਚੇ। ਅੰਤ ਹਾਰ ਕੇ ਅੰਗਰੇਜ਼ ਹਕੂਮਤ ਨੇ ਸਿੱਖਾਂ ਨੂੰ ਜੈਤੋ ਵਿਖੇ ਸ਼੍ਰੀ ਅਖੰਡ ਪਾਠ ਸਾਹਬ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਤਰ੍ਹਾਂ ਇਹ ਮੋਰਚਾ ਫਤਿਹ ਹੋਇਆ।

ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਨੂੰ ਸਮਰਪਿਤ ਗੁਰਦੁਆਰਾ ਸ਼ਹੀਦ ਗੰਜ਼ ਟਿੱਬੀ ਸਾਹਿਬ ਤੇ ਗੰਗਸਰ ਸਾਹਿਬ ਪਾਤਸ਼ਾਹੀ ਦਸਵੀਂ ਜੈਤੋ ਫਰੀਦਕੋਟ ਵਿਖੇ 100 ਸਾਲਾ ਸ਼ਤਾਬਦੀ ਮਨਾਈ ਜਾ ਰਹੀ ਹੈ।ਜਿਸ ਵਿੱਚ 19 ਫਰਵਰੀ ਨੂੰ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 10 ਵਜੇ ਸ਼ਹੀਦੀ ਮਾਰਚ ਸਜਾਇਆ ਜਾਵੇਗਾ। 20 ਫਰਵਰੀ ਨੂੰ ਸਕੂਲਾਂ, ਕਾਲਜ਼ਾਂ ਦੇ ਵਿਦਿਆਰਥੀਆਂ ਦੇ ਕਵੀਸ਼ਰੀ, ਕਵਿਤਾ ਤੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ ਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਵੀ ਹੋਵੇਗਾ।

21 ਫਰਵਰੀ ਦਿਨ ਬੁੱਧਵਾਰ ਨੂੰ ਸ਼ਤਾਬਦੀ ਦਾ ਮੁੱਖ ਸਮਾਗਮ ਗੁਰਦੁਆਰਾ ਟਿੱਬੀ ਸਾਹਿਬ ਨਜ਼ਦੀਕ ਸਜਾਏ ਪੰਡਾਲ ਵਿੱਚ ਹੋਵੇਗਾ ਜਿਸ ਵਿੱਚ ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਹਾਜ਼ਰੀਆਂ ਭਰਨਗੇ ਤੇ ਸਿੱਖ ਪੰਥ ਦੀਆਂ ਮਹਾਨ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਝੇ ਕਰਨਗੀਆਂ।ਇਸ ਵਿਸ਼ਾਲ ਗੁਰਮਿਤ ਸਮਾਗਮ 'ਚ ਸਭ ਸੰਗਤਾਂ ਹੁੰਮ-ਹਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰੇ ਜੀ।

**-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ: ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ-143022**

### ਨੌਜਵਾਨ ਪੱਛਮੀਂ ਸੱਭਿਆਚਾਰ ਤੋਂ ਹਟ ਕੇ

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ : ਸਿੰਘ ਸਾਹਿਬ ਜਸਵੀਰ ਸਿੰਘ ਖਾਲਸਾ



**ਭੀਖੀ, ( ਰਣਜੀਤ ਸਿੰਘ ਪੇਧਨੀ )**-ਪੰਥ ਦੇ ਮਹਾਨ ਪ੍ਰਸਿੱਧ ਪ੍ਰਚਾਰਕ, ਸੰਤ ਬਾਬਾ ਸੰਤ ਬਾਬਾ ਹਰਜਿੰਦਰ ਸਿੰਘ ਭੀਖੀ ਵਾਲਿਆਂ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਜਨਮ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਖਾਲਸਾ ਕਰਵਾਇਆ ਗਿਆ।ਜਿਸ ਵਿੱਚ ਪੰਥ ਦੇ ਮਹਾਨ ਕਵੀਸਰ ਰਾਗੀ ਢਾਡੀ ਸੰਤ ਮਹਾਂਪੁਰਸਾਂ ਵੱਲੋਂ ਸੰਗਤਾਂ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਜੋੜਨਾ ਕੀਤਾ।ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਜਸਵੀਰ ਸਿੰਘ ਖਾਲਸਾ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਪੁੱਤਰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦੀ ਲਾਸਾਨੀ ਕੁਰਬਾਨੀ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ ਅਤੇ ਪੰਜਾਬ ਦੀ ਨੌਜਵਾਨ ਪੀੜੀ ਨੂੰ ਪੱਛਮੀਂ ਸੱਭਿਆਚਾਰ ਤੋਂ ਹੱਟ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਇਆ ਜਾ ਸਕੇ। ਸਮਾਗਮ ਵਿੱਚ ਦੇਸ਼ ਵਿਦੇਸ਼ ਵਿਚੋ ਵੀ ਸੰਗਤਾਂ ਵੱਡੀ ਗਿਣਤੀ 'ਚ ਹਾਜਰੀ ਭਰ ਰਹੀਆ ਸਨ। ਚੰਡੀਗੜ੍ਹ ਹਸਪਤਾਲ ਭੀਖੀ ਵੱਲੋਂ ਸੰਗਤਾਂ ਦੇ ਲਈ ਮੈਡੀਕਲ ਅਤੇ ਅੱਖਾਂ ਦੇ ਚੈੱਕ ਅੱਪ ਦਾ ਫਰੀ ਕੈਪ ਲਗਾਇਆ ਗਿਆ। ਇਸ ਮੌਕੇ ਬਾਬਾ ਜੀਵਨ ਸਿੰਘ, ਬਾਬਾ ਗੁਰਦੀਪ ਸਿੰਘ, ਬਾਬਾ ਪਰਮਜੀਤ ਸਿੰਘ ਪੇਧਨੀ, ਪੱਤਰਕਾਰ ਰਣਜੀਤ ਸਿੰਘ ਪੇਧਨੀ, ਏ,ਐਸ,ਆਈ ਮਲਕੀਤ ਸਿੰਘ ਹਾਜ਼ਰ ਸਨ।

### ਵੱਖ-ਵੱਖ ਪਿੰਡਾਂ ਵਿੱਚ ਬੱਚਿਆਂ ਨੂੰ ਬੀਤੀ ਸ਼ਾਮ ਵੰਡੀਆਂ ਗਈਆਂ ਖੇਡ ਕਿੱਟਾਂ

# ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਦੀ ਲੋੜ - ਮੈਡਮ ਸੁਹਿੰਦਰ ਕੌਰ



**ਜੰਡਿਆਲਾ ਗੁਰੂ, 20 ਫਰਵਰੀ ( ਕੁਲਵੰਤ ਸਿੰਘ ਵਿਰਦੀ)**-ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਬੱਚਿਆਂ ਨੂੰ ਖੇਡਾਂ ਵੱਲ ਜੋੜਨ ਲਈ ਉਤਸ਼ਾਹਿਤ ਕਰ ਰਹੀ ਹੈ ਤਾਂ ਜੋ ਸਾਡੇ ਬੱਚੇ ਖੇਡਾਂ ਵਿੱਚ ਭਾਗ ਲੈ ਕੇ ਆਪਣਾ ਤੇ ਸੂਬੇ ਦਾ ਨਾਮ ਰੌਸ਼ਨ ਕਰ ਸਕਣ।ਇਨਾਂ ਸ਼ਬਦਾਂ ਦਾ ਪ੍ਰਗਟਾਵਾ ਮੈਡਮ ਸੁਹਿੰਦਰ ਕੌਰ ਧਰਮਪਤਨੀ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਨੇ ਖੇਡਾਂ ਨੂੰ ਪ੍ਰਫੁਲਿੱਤ ਕਰਨ ਅਤੇ ਬੱਚਿਆਂ ਵਿੱਚ ਸਪੋਰਟਸ ਮੈਨ ਦੀ ਭਾਵਨਾ ਭਰਨ ਅਤੇ ਨਸ਼ਿਆਂ ਦੀ ਦਲਦਲ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਨ ਦੇ ਉਪਰਾਲੇ ਅਧੀਨ ਪਿੰਡ ਗਦਲੀ, ਭੰਗਵਾਂ, ਦਸ਼ਮੇਸ਼ ਨਗਰ, ਅਕਾਲ ਗੜ੍ਹ, ਢੱਪਈਆਂ ਅਤੇ ਰਸੂਲਪੁਰ ਕਲਾਂ ਵਿਖੇ ਬੱਚਿਆਂ ਨੂੰ ਬੀਤੀ ਸ਼ਾਮ ਖੇਡਾਂ ਦੀਆਂ ਕਿੱਟਾਂ ਵੰਡਣ ਉਪਰੰਤ ਕੀਤਾ।ਉਨਾਂ ਕਿਹਾ ਕਿ ਕੈਬਨਿਟ ਮੰਤਰੀ ਸ: ਈ.ਟੀ.ਓ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜੰਡਿਆਲਾ ਹਲਕੇ ਦੇ ਪਿੰਡਾਂ ਵਿੱਚ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਕਿੱਟਾਂ ਦੀ ਵੰਡ ਕੀਤੀ ਜਾ ਰਹੀ ਹੈ। ਮੈਡਮ ਸੁਹਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕੌਮਾਂਤਰੀ ਪੱਧਰ ਦੀ ਤਿਆਰੀਆਂ ਲਈ ਖਿਡਾਰੀਆਂ ਨੂੰ ਵਿੱਤੀ ਮਦਦ ਦਿੱਤੀ ਗਈ ਹੋਵੇ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਗਈਆਂ ਹਨ, ਜਿਥੇ ਖਿਡਾਰੀਆਂ ਨੂੰ ਆਪਣੇ ਹੁਨਰ ਦੇ ਪ੍ਰਦਰਸ਼ਨ ਲਈ ਉਚਿਤ ਮੰਚ ਮੁਹੱਈਆ ਹੋਇਆ ਹੈ।ਉਨਾਂ ਕਿਹਾ ਕਿ ਬੱਚੇ ਖੇਡਾਂ ਨਾਲ ਜੁੜ ਕੇ ਜਿਥੇ ਅਨੁਸ਼ਾਸ਼ਨ ਵਿੱਚ ਰਹਿਣਾ ਸਿਖਦੇ ਹਨ, ਉਥੇ ਉਹ ਨਸ਼ਿਆਂ ਤੋਂ ਵੀ ਦੂਰ ਰਹਿੰਦੇ ਹਨ। ਉਨਾਂ ਕਿਹਾ ਕਿ ਨਸ਼ਿਆਂ ਦੀ ਦਲਦਲ ਤੋਂ ਦੂਰ ਰਹਿਣ ਲਈ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਬਲਾਕ ਪ੍ਰਧਾਨ ਸੁਨੈਨਾ ਰੰਧਾਵਾ,ਸੁਖਦੇਵ ਸਿੰਘ, ਸਤਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਵੈਕਟਰ ਬੌਰਨ ਬਿਮਾਰੀਆਂ ਸਬੰਧੀ ਜ਼ਿਲ੍ਹਾ ਪੱਧਰੀ ਟਰੇਨਿੰਗ ਕਮ ਵਰਕਸ਼ਾਪ ਦਾ ਕੀਤਾ ਆਯੋਜਨ



**ਚੌਕ ਮਹਿਤਾ, 20 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਹਮੇਸ਼ਾਂ ਹੀ ਲੋਕਾਂ ਦੀ ਨਿਰੋਈ ਸਿਹਤ ਲਈ ਤੱਤਪਰ ਹੈ। ਇਸੇ ਹੀ ਉਦੇਸ਼ ਦੀ ਪੂਰਤੀ ਲਈ ਆਈ.ਡੀ.ਐਸ.ਪੀ. ਪ੍ਰੋਗਰਾਮ ਅਧੀਨ ਬਦਲਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆ ਵੱਖ-ਵੱਖ ਬੀਮਾਰੀਆਂ ਤੋਂ ਬਚਾਓ ਸਬੰਧੀ ਟਰੇਨਿੰਗ ਕਮ ਵਰਕਸ਼ਾਪ ਦਾ ਆਯੋਜਨ ਦਫਤਰ ਸਿਵਲ ਸਰਜਨ ਅਨੈਕਸੀ ਹਾਲ ਵਿਖੇ ਕੀਤਾ ਗਿਆ ਇਸ ਅਵਸਰ ਤੇ ਸਬੰਧਨ ਕਰਦਿਆ ਸਿਵਲ ਸਰਜਨ ਡਾ ਵਿਜੇ ਕੁਮਾਰ ਜੀ ਨੇ ਜਾਣਕਾਰੀ ਦਿੰਦੀਆ ਕਿਹਾ ਕਿ ਮਲੇਰੀਆ, ਡੇਂਗੂ, ਚਿਕਨਗੁਨੀਆਂ, ਸਵਾਇਨ ਫਲੂ, ਹੈਪਾਟਾਇਟਸ, ਰੇਬੀਜ, ਸਾਰੀਆਂ ਵੈਕਟਰ ਬੋਰਨ ਡਜੀਜ ਅਤੇ ਬਦਲਦੇ ਮੌਸਮ ਦੀਆਂ ਬੀਮਾਰੀਆਂ ਸਬੰਧੀ ਲੋਕਾ ਨੂੰ ਸੁੱਰਖਿਅਤ ਕਰਨ ਦੇ ਉਦੇਸ਼ ਨਾਲ ਜਿਲ੍ਹਾ ਪੱਧਰ ਤੇ ਸਾਰੇ ਬਲਾਕ ਨੋਡਲ ਅਫਸਰ ਅਤੇ ਪੈਰਾ ਮੈਡੀਕਲ ਸਟਾਫ ਦੀ ਟਰੇਨਿੰਗ ਕੀਤੀ ਜਾ ਰਹੀ ਹੈ ਅਤੇ ਇਹ ਅਧਿਕਾਰੀ ਆਪਣੇ ਅਧੀਨ ਆਉਂਦੇ ਸਮੂਹ ਪੈਰਾ ਮੈਡੀਕਲ ਸਟਾਫ, ਵਰਕਰ ਅਤੇ ਆਸ਼ਾ ਵਰਕਰਾਂ ਨੂੰ ਟਰੇਨਿੰਗ ਦੇਣਗੇ।ਉਨਾ ਨੇ ਹੋਰ ਜਾਣਕਾਰੀ ਦਿੰਦੇ ਕਿਹਾ ਕਿ ਡੈਂਗੂ, ਚਿਕਨਗੁਨੀਆਂ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਪੈਦਾ ਹੰਦਾ ਹੈ। ਜਿਸ ਦੇ ਲੱਛਣ ਤੇਜ ਸਿਰ ਦਰਦ, ਤੇਜ ਬੁਖਾਰ, ਮਾਸ ਪੇਸ਼ੀਆ ਅਤੇ ਜੋੜਾ ਦਾ ਦਰਦ, ਅੱਖਾ ਦੇ ਪਿਛਲੇ ਹਿੱਸੇ ਦਰਦ, ਉਲਟੀਆਂ, ਨੱਕ-ਮੂੰਹ ਅਤੇ ਮਸੂੜਿਆ ਵਿੱਚੋ ਖੂਨ ਵਗਣਾਂ ਆਦਿ ਹੈ। ਚਿਕਨਗੁਨੀਆਂ ਵਿਚ ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ ਦੇ ਨਾਲ ਤੇਜ ਬੁਖਾਰ ਅਤੇ ਸ਼ਰੀਰ ਤੇ ਰੈਸ਼ ਜਾਂ ਖਾਰਿਸ਼ ਦਾ ਹੋਣਾਂ ਆਮ ਲੱਛਣ ਹੈ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਡੈਂਗੂ ਜਾਂ ਚਿਕਨਗੁਨੀਆਂ ਬੁਖਾਰ ਦੇ ਸ਼ੱਕ ਹੋਣ, ਦੀ ਸੂਰਤ ਵਿੱਚ ਤੁਰੰਤ ਸਰਕਾਰੀ ਹਸਪਤਾਲ ਤੋ ਹੀ ਮੁਫਤ ਚੈਕਅੱਪ ਅਤੇ ਇਲਾਜ ਕਰਵਾਉਣ। ਇਹਨਾਂ ਬਿਮਾਰੀਆਂ ਦੇ ਟੈਸਟ, ਇਲਾਜ ਅਤੇ ਦਵਾਈਆਂ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਉਪਲਬੱਧ ਹਨ। ਇਸ ਟਰੇਨਿੰਗ ਦੌਰਾਨ ਜਿਲ੍ਹਾ ਐਪੀਡਿਮਾਲੋਜਿਸਟ ਡਾ ਹਰਜੋਤ ਕੌਰ, ਐਪੀਡਿਮਲਿਜਿਸਟ(ਆਈ.ਡੀ.ਐਸ.ਪੀ.) ਡਾ ਨਵਦੀਪ ਕੌਰ ਅਤੇ ਮਾਈਕ੍ਰੋਬਾਇਲਜਿਸਟ ਡਾ ਗੌਤਮ ਵਲੋਂ ਬੜੇ ਹੀ ਵਿਸਥਾਰ ਨਾਲ ਇਹਨਾਂ ਬੀਮਾਰੀਆਂ ਤੋਂ ਬਚਾਓ ਸੰਬਧੀ ਟਰੇਨਿੰਗ ਦਿੱਤੀ ਗਈ। ਇਸ ਮੌਕੇ ਤੇ ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਤ੍ਰਿਪਤਾ ਕੁਮਾਰੀ, ਸਮੂਹ ਨੋਡਲ ਅਫਸਰ ਅਤੇ ਪੈਰਾ ਮੈਡੀਕਲ ਸਟਾਫ ਹਾਜਰ ਸਨ।

# ਦੇਸ਼ ਅੰਦਰ ਬੋਲਣ ਲਿਖਣ ਤੇ ਪਾਬੰਦੀ ਇਲੈਕਟ੍ਰੋਨਿਕਸ ਅਤੇ ਸੂਚਨਾ ਮੰਤਰਾਲੇ ਨੇ ਸੋਸ਼ਲ ਮੀਡੀਆ ਦੇ 177 ਖਾਤੇ ਕੀਤੇ ਬਲਾਕ

**ਨਵੀਂ ਦਿੱਲੀ, 20 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:-ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਹਾਲ ਹੀ ਵਿੱਚ "ਜਨਤਕ ਵਿਵਸਥਾ" ਨੂੰ ਬਣਾਈ ਰੱਖਣ ਦੀ ਲੋੜ ਦਾ ਹਵਾਲਾ ਦਿੰਦੇ ਹੋਏ, ਕਿਸਾਨਾਂ ਦੇ



ਵਿਰੋਧ ਪ੍ਰਦਰਸ਼ਨਾਂ ਨਾਲ ਜੁੜੇ 177 ਸੋਸ਼ਲ ਮੀਡੀਆ ਖਾਤਿਆਂ ਅਤੇ ਲਿੰਕਾਂ ਲਈ ਐਮਰਜੈਂਸੀ ਬਲਾਕ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਪਿਛਲੇ ਹਫ਼ਤੇ ਗ੍ਰਿਹ ਮੰਤਰਾਲੇ ਵੱਲੋਂ ਕੀਤੀ ਗਈ ਬੇਨਤੀ ਤੋਂ ਬਾਅਦ ਸੋਮਵਾਰ ਨੂੰ ਇਨ੍ਹਾਂ ਹੁਕਮਾਂ ਨੂੰ ਅੰਤਿਮ ਰੂਪ ਦਿੱਤਾ ਗਿਆ। ਇਹ ਐਮਰਜੈਂਸੀ ਹੁਕਮ 14 ਫਰਵਰੀ ਨੂੰ ਜਾਰੀ ਕੀਤੇ ਅੰਤਮ ਹੁਕਮਾਂ ਦੀ ਪੂਰਤੀ ਕਰਦੇ ਹਨ।ਕ੍ਰਮਵਾਰ 19 ਅਤੇ 14 ਫਰਵਰੀ ਨੂੰ ਜਾਰੀ ਕੀਤੇ ਅੰਤਮ ਬਲਾਕਿੰਗ ਆਦੇਸ਼ਾਂ ਦੇ ਦੋਵੇਂ ਆਦੇਸ਼, ਚੱਲ ਰਹੇ ਅੰਦੋਲਨ ਦੀ ਮਿਆਦ ਲਈ ਜਾਰੀ ਕੀਤੇ ਗਏ ਅਸਥਾਈ ਅਤੇ ਸ਼ਰਤੀਆ ਹਨ। ਵਿਰੋਧ ਪ੍ਰਦਰਸ਼ਨ ਖਤਮ ਹੋਣ ਤੋਂ ਬਾਅਦ, ਸੋਸ਼ਲ ਮੀਡੀਆ ਪਲੇਟਫਾਰਮਾਂ ਕੋਲ ਭਾਰਤ ਵਿੱਚ ਬਲੌਕ ਕੀਤੇ ਖਾਤਿਆਂ ਅਤੇ ਚੈਨਲਾਂ ਦੀ ਦਿੱਖ ਨੂੰ ਬਹਾਲ ਕਰਨ ਦਾ ਵਿਕਲਪ ਹੁੰਦਾ ਹੈ। ਜਾਰੀ ਕੀਤੇ ਗਏ ਹੁਕਮਾਂ ਰਾਹੀਂ ਬਲਾਕ ਕੀਤੇ ਗਏ ਖਾਤਿਆਂ ਵਿੱਚ ਇਸ ਪੱਤਰਕਾਰ ਸਮੇਤ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਪਰਮਿੰਦਰ ਪਾਲ ਸਿੰਘ ਅਤੇ ਕਿਸਾਨੀ ਮੰਗਾ ਦਾ ਸਮਰਥਨ ਅਤੇ ਉਨ੍ਹਾਂ ਦੇ ਮੁੱਦਿਆਂ ਤੇ ਲਿਖਣ ਵਾਲੇ ਪੱਤਰਕਾਰਾਂ ਸਮੇਤ ਹੋਰਾਂ ਦੇ ਫੇਸਬੁੱਕ ਆਈਡੀਜ ਅਤੇ ਪੇਜ ਸ਼ਾਮਲ ਹਨ । ਧਿਆਨ ਦੇਣ ਯੋਗ ਹੈ ਕਿ 2021 ਦੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ, ਸਰਕਾਰ ਨੇ ਇਸੇ ਤਰ੍ਹਾਂ ਪ੍ਰਦਰਸ਼ਨਕਾਰੀਆਂ ਅਤੇ ਇਸ ਮੁੱਦੇ 'ਤੇ ਲਿਖਣ ਅਤੇ ਰਿਪੋਰਟ ਕਰਨ ਵਾਲੇ ਬਹੁਤ ਸਾਰੇ ਪੱਤਰਕਾਰਾਂ ਦੇ ਸੋਸ਼ਲ ਮੀਡੀਆ ਖਾਤਿਆਂ ਨੂੰ ਧਾਰਾ 691 ਅੱਧੀਨ ਬਲੌਕ ਕਰ ਦਿੱਤਾ ਸੀ।

# ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਵਿਖੇ ਉਚੇਰੀ ਸਿੱਖਿਆ 'ਤੇ ਅਧਾਰਿਤ ਇੱਕ ਰੋਜ਼ਾ ਸੈਮੀਨਾਰ ਦਾ ਆਯੋਜਨ

**ਤਲਵੰਡੀ ਸਾਬੋ, 20 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਦੇ ਭਾਸ਼ਾਵਾਂ ਵਿਭਾਗ ਤੇ ਸੋਸ਼ਲ ਸਾਇੰਸਜ਼ ਵਿਭਾਗ ਵਿਖੇ ਨੈਸ਼ਨਲ ਐਜੂਕੇਸ਼ਨ ਪਾਲਿਸੀ ਅਤੇ ਉਚੇਰੀ ਸਿੱਖਿਆ ਦੇ ਸੰਦਰਭ 'ਚ ਇੱਕ ਰੋਜ਼ਾ ਸੈਮੀਨਾਰ ਦਾ ਆਯੋਜਨ ਕਰਵਾਇਆ ਗਿਆ। ਇਸ ਵਿੱਚ ਪ੍ਰੋ. ਅਜੇ ਵਰਮਾ ਤੇ ਪ੍ਰੋ. ਪਰਮਜੀਤ ਕੌਰ (ਡਿਸਟੈਂਸ ਐਜੂਕੇਸ਼ਨ ਵਿਭਾਗ) ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵਿਸ਼ੇਸ਼ ਰੂਪ 'ਤੇ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਉਚੇਰੀ ਤੇ ਮਿਆਰੀ ਸਿੱਖਿਆ ਦੇ ਮਹੱਤਵ ਅਤੇ ਨਵੀਂ ਸਿੱਖਿਆ ਨੀਤੀ ਅਧੀਨ ਪੰਜ ਸਾਲਾ ਏਕੀਕ੍ਰਿਤ ਕੋਰਸਾਂ, ਸਰਟੀਫਿਕੇਟ ਕੋਰਸਾਂ ਆਦਿ ਬਾਰੇ ਅਤੇ ਡਿਸਟੈਂਸ ਐਜੂਕੇਸ਼ਨ ਪ੍ਰਣਾਲੀ ਬਾਰੇ ਵਿਸਤ੍ਰਿਤ ਰੂਪ ਵਿੱਚ ਜਾਣਕਾਰੀ ਦਿੱਤੀ। ਇਸ ਸਮੇਂ ਮੁਖੀ ਭਾਸ਼ਾਵਾਂ ਵਿਭਾਗ ਪ੍ਰੋ. ਕੁਮਾਰ ਸੁਸ਼ੀਲ, ਮੁਖੀ ਸੋਸ਼ਲ ਸਾਇੰਸਜ਼ ਵਿਭਾਗ ਡਾ. ਬਲਦੇਵ ਸਿੰਘ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਰਹੇ। ਅੰਤ ਵਿੱਚ ਕੈਂਪਸ ਡਾਇਰੈਕਟਰ ਪ੍ਰੋ. ਕਮਲਜੀਤ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਇਹ ਸੈਮੀਨਾਰ ਦੇ ਸਫਲਤਾ ਪੂਰਵਕ ਨੇਪਰੇ ਚੜ੍ਹਨ 'ਤੇ ਆਯੋਜਕਾਂ ਨੂੰ ਵਧਾਈ ਦਿੱਤੀ।




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਨੌਜਵਾਨ ਨਸ਼ਿਆਂ ਤਿਆਗ ਕਰਕੇ ਗੁਰਬਾਣੀ ਲੜ ਲੱਗਣ : ਗਿਆਨੀ ਰਘਬੀਰ ਸਿੰਘ



ਮਾਲੇਰਕੋਟਲਾ ( ਰਣਜੀਤ ਸਿੰਘ ਪੇਧਨੀ ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਸਿੰਘਾਂ ਦੀ ਯਾਦ ਨੂੰ ਸਮਰਪਿਤ ਬਾਬਾ ਕੁਲਵਿੰਦਰ ਸਿੰਘ ਜੀ ਦੀ ਸਰਪਰਸਤੀ ਹੇਠ ਧੰਨ ਧੰਨ ਬਾਬੇ ਸਿੰਘ ਸ਼ਹੀਦ ਸੇਵਾ ਐਂਡ ਵੈਲਫੇਅਰ ਸੁਸਾਇਟੀ ਗੁਰਦੁਆਰਾ ਧੰਨ ਧੰਨ ਬਾਬੇ ਸਿੰਘ ਪਿੰਡ ਅਬਦੁੱਲਾਪੁਰ ਚੁਹਾਣੇ ਕਲਾ ਵਿਖੇ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਲਗਾਤਾਰ ਚੱਲ ਰਹੇ ਗੁਰਮਿਤ ਸਮਾਗਮ ਦੇ ਅਖੀਰਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸੰਗਤਾਂ ਦੇ ਨਾਲ ਗੁਰਮਿਤ ਵਿਚਾਰਾਂ ਦੀ ਸਾਂਝ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਨਾ ਕੀਤਾ ।ਉਹਨਾਂ ਪੰਜਾਬ ਦੀ ਨੌਜਵਾਨ ਪੀੜੀ ਨੂੰ ਅਪੀਲ ਕੀਤੀ ਕਿ ਉਹ ਨਸਿਆਂ ਵਰਗੀ ਭਿਆਨਕ ਬਿਮਾਰੀ ਦਾ ਤਿਆਗ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਅਤੇ ਚੰਗੇ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ। ਇਸ ਮੌਕੇ ਉਹਨਾਂ ਦੇ ਨਾਲ ਮਨਦੀਪ ਸਿੰਘ ਖੁਰਦ ਪ੍ਰਧਾਨ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ, ਜਗਵੀਰ ਸਿੰਘ ਜੱਸੀ ਲੋਂਗੋਵਾਲ ਅਰਸ ਪਟਿਆਲਾ ਦਰਸਨ ਸਿੰਘ ਹਾਜਰ ਸਨ। ਅੰਤ ਵਿੱਚ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਕੁਲਵਿੰਦਰ ਸਿੰਘ ਚੁਹਾਣੇ ਵਾਲਿਆਂ ਨੇ ਆਈਆਂ ਧਾਰਮਿਕ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ।

### ਪਿੰਡ ਵਡਾਲੀ ਡੋਗਰਾਂ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ 25 ਫਰਵਰੀ ਨੂੰ ਛੋਟੇ ਬੱਚਿਆਂ ਕੋਲੋਂ ਪੁੱਛੇ ਜਾਣਗੇ ਗੁਰਮਤਿ ਦੇ ਸਵਾਲ

# ਸ਼੍ਰੋਮਣੀ ਕਮੇਟੀ ਵੱਲੋਂ ਬੱਚਿਆਂ ਨੂੰ ਕੀਤਾ ਜਾਵੇਗਾ ਸਨਮਾਨਿਤ : ਸੰਧੂ






ਜੰਡਿਆਲਾ ਗੁਰੂ, 20 ਫਰਵਰੀ ( ਕੁਲਵੰਤ ਸਿੰਘ ਵਿਰਦੀ)-ਅੱਜ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਜੀ ਸੰਧੂ ਅਤੇ ਸਲਾਹਕਾਰ ਹਰਭਜਨ ਸਿੰਘ ਮੌਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਡਾਲੀ ਡੋਗਰਾਂ ਦੀ ਪ੍ਰਬੰਧਕ ਕਮੇਟੀ ਤੇ ਸ਼੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਰਜਿ.ਪਿੰਡ ਵਡਾਲੀ ਡੋਗਰਾਂ ਵੱਲੋਂ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਵਿਸ਼ੇਸ਼ ਗੁਰਮਤਿ ਸਮਾਗਮ 25 ਫਰਵਰੀ 2024 ਨੂੰ ਦਿਨ ਐਤਵਾਰ ਨੂੰ ਗੁਰਦੁਆਰਾ ਬਾਬਾ ਜੀਵਨ ਜੀ , ਪਿੰਡ ਵਡਾਲੀ ਡੋਗਰਾਂ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸਵੇਰੇ 9.00 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਗ੍ਰੰਥੀ ਭਾਈ ਅਵਤਾਰ ਸਿੰਘ ਜੀ ਆਰੰਭ ਕਰਨਗੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਤੋਂ ਉਪਰੰਤ 11.00 ਵਜੇ ਤੋਂ ਲੈ ਕੇ 1.00 ਵਜੇ ਤੱਕ ਛੋਟੇ ਛੋਟੇ ਬੱਚਿਆਂ ਕੋਲੋਂ ਸ੍ਰ ਦਿਲਬਾਗ ਸਿੰਘ ਭਿੱਟੇਵੱਡ , ਭਾਈ ਮਨਪ੍ਰੀਤ ਸਿੰਘ ਤਲਾਵੇ ਵਾਲੇ , ਮਹਿੰਦਰ ਸਿੰਘ ਸੀਟਾਂ , ਜਸ਼ਨਪ੍ਰੀਤ ਸਿੰਘ ਵਡਾਲੀ ਵਿਦਿਆਰਥੀ ਗੁਰਮਤਿ ਸਟੱਡੀ ਸੈਂਟਰ ਖ਼ਾਲਸਾ ਕਾਲਜ ਅੰਮ੍ਰਿਤਸਰ ਆਦਿ ਵੱਲੋਂ ਸਿੱਖ ਇਤਿਹਾਸ ਦੇ ਨਾਲ ਨਾਲ ਗੁਰਮਤਿ ਨਾਲ ਸਬੰਧਿਤ ਬੱਚਿਆਂ ਕੋਲੋਂ ਸਵਾਲਾਂ ਦੇ ਜਵਾਬ ਲਏ ਜਾਣਗੇ। ਇਸ ਗੁਰਮਤਿ ਸਮਾਗਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵੱਲੋਂ ,ਸ਼੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਰਜਿ ,ਤੇ ਹਰਮੀਤ ਸਿੰਘ ਖਾਲਸਾ ਵੱਲੋਂ ਬੱਚਿਆਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

# ਮਹਾਂਰਾਸ਼ਟਰ ਸਰਕਾਰ ਨੇ ਨਵਾਂ ਐਕਟ ਲਿਆ ਵਾਪਸ ਐਕਟ 1956 ਰਹੇਗਾ ਲਾਗੂ

## ਸਰਕਾਰਾਂ ਗੁਰਦੁਆਰਾ ਸਾਹਿਬ ਦੇ ਚੱਲ ਰਹੇ ਪ੍ਰਬੰਧਾਂ ਚ ਦਖ਼ਲ ਨਾ ਦੇਣ : ਜਥੇਦਾਰ ਜੱਸੀ



ਅੰਮ੍ਰਿਤਸਰ 20 ਫਰਵਰੀ ( ਕੁਲਵੰਤ ਸਿੰਘ ਵਿਰਦੀ) ਸਿੱਖ ਗੁਰੂ ਸਾਹਿਬਾਨਾਂ ਵੱਲੋਂ ਹਰ ਇੱਕ ਧਰਮ ਦਾ ਸਤਿਕਾਰ ਬਰਕਰਾਰ ਰੱਖਣ ਲਈ ਹਰ ਇੱਕ ਸਿੱਖ ਨੂੰ ਹੁਕਮ ਕੀਤਾ ਅਤੇ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਹਿੰਦੂ ਧਰਮ ਦੀ ਰੱਖਿਆ ਖ਼ਾਤਰ ਆਪਣੀ ਸ਼ਹਾਦਤ ਦਿੱਤੀ ਗਈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਬੁੱਢਾ ਦਲ ਅਮਰੀਕਾ ਇਕਾਈ ਦੇ ਇੰਚਾਰਜ ਅਤੇ ਗੁਰਦੁਆਰਾ ਸਿਲਵਸ ਅਮਰੀਕਾ ਦੇ ਪ੍ਰਧਾਨ ਜਥੇਦਾਰ ਜਸਵਿੰਦਰ ਸਿੰਘ ਜੱਸੀ ਨੇ ਅੱਗੇ ਕਿਹਾ ਕਿ ਅਬਿਚਲ ਨਗਰ ਐਕਟ 1956 ਨੂੰ ਉਸ ਵਕਤ ਦੀ ਮੌਕੇ ਦੀ ਸਰਕਾਰ ਵੱਲੋਂ ਬਣਾਇਆ ਗਿਆ ਸੀ ਪਰ ਬੀਤੇ ਦਿਨੀਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਮਹਾਂਰਾਸ਼ਟਰ ਸਰਕਾਰ ਵੱਲੋਂ ਦਖ਼ਲ ਦਿੰਦਿਆਂ ਹੋਇਆਂ ਐਕਟ 1956 ਪ੍ਰਬੰਧਕ ਬੋਰਡ ਨੂੰ ਤੋੜ ਕੇ ਨਵਾਂ ਐਕਟ ਬਣਾਇਆ ਗਿਆ ਸੀ ਜਿਸ ਐਕਟ ਨੂੰ ਲੈ ਕਿ ਗੁਰੂ ਨਾਨਕ ਲੇਵਾ ਸੰਗਤਾਂ ਵਿੱਚ ਰੋਸ਼ ਦੇਖਣ ਨੂੰ ਮਿਲਿਆ ਅਤੇ ਬੀਤੇ ਦਿਨ ਨਵੇਂ ਐਕਟ ਨੂੰ ਮਹਾਂਰਾਸ਼ਟਰ ਸਰਕਾਰ ਵੱਲੋਂ ਵਾਪਸ ਲੈ ਲਿਆ ਗਿਆ ਹੈ ਅਤੇ ਅਬਿਚਲ ਨਗਰ ਐਕਟ 1956 ਹੀ ਮਹਾਂਰਾਸ਼ਟਰ ਸਰਕਾਰ ਵੱਲੋਂ ਲਾਗੂ ਰੱਖਣ ਦਾ ਫੈਸਲਾ ਲਿਆ ਗਿਆ ਹੈ ਜਿਸ ਫੈਸਲੇ ਨਾਲ ਦੇਸ਼ ਵਿੱਚ ਭਾਈਚਾਰਕ ਸਾਂਝ ਲਈ ਵਧੀਆ ਸੁਨੇਹਾ ਤੇ ਖ਼ਾਲਸੇ ਪੰਥ ਦੀ ਚੜ੍ਹਦੀ ਕਲ੍ਹਾ ਹੋਈ ਹੈ ਅੱਗੇ ਜਥੇਦਾਰ ਜੱਸੀ ਨੇ ਕਿਹਾ ਕਿ ਸਿੱਖ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਪ੍ਰਬੰਧਾਂ ਸਬੰਧੀ ਸਰਕਾਰਾਂ ਸੁਝਾਅ ਤਾਂ ਦੇ ਸਕਦੀਆਂ ਹਨ ਪ੍ਰੰਤੂ ਕਿਸੇ ਵੀ ਸਰਕਾਰ ਨੂੰ ਗੁਰਦੁਆਰਾ ਸਾਹਿਬ ਜਾਂ ਹੋਰ ਧਾਰਮਿਕ ਅਸਥਾਨਾਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ ਜਿਸ ਨਾਲ ਭਾਈਚਾਰਕ ਸਾਂਝ ਲਈ ਖ਼ਤਰਾ ਪੈਦਾ ਹੋਵੇ। ਅਸੀਂ ਇਸ ਫੈਸਲੇ ਦਾ ਮਹਾਂਰਾਸ਼ਟਰ ਸਰਕਾਰ ਦਾ ਸਵਾਗਤ ਕਰਦੇ ਹਾਂ।

# ਸ਼੍ਰੋਮਣੀ ਕਮੇਟੀ ਪੀ ਟੀ ਸੀ ਸਿਮਰਨ ਚੈਨਲ ਤੇ ਗੁਰਬਾਣੀ ਪ੍ਰਸਾਰਣ ਦੌਰਾਨ ਚੱਲ ਰਹੇ ਇਸ਼ਿਤਹਾਰ ਨੂੰ ਬੰਦ ਕਰੇ: ਜਸਟਿਸ ਨਿਰਮਲ ਸਿੰਘ

## ਇਸ਼ਿਤਹਾਰ ਨਾਲ ਸਰੇਆਮ ਗੁਰਬਾਣੀ ਦੀ ਬੇਅਦਬੀ ਕੀਤੀ ਜਾ ਰਹੀ ਹੈ : ਨਿਰਮਲ ਸਿੰਘ



ਚੰਡੀਗੜ੍ਹ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਮੀਤ ਪ੍ਰਧਾਨ ਜਸਟਿਸ ਨਿਰਮਲ ਸਿੰਘ (ਸੇਵਾ ਮੁਕਤ) ਨੇ ਕਿਹਾ ਕਿ ਪੀ ਟੀ ਸੀ ਸਿਮਰਨ ਚੈਨਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਵਲੋ ਗੁਰਬਾਣੀ ਪ੍ਰਸਾਰਣ ਦੌਰਾਨ ਚਲਾਏ ਜਾ ਰਹੇ ਇਸ਼ਿਤਹਾਰ ਨਾਲ ਸਰੇਆਮ ਗੁਰਬਾਣੀ ਦੀ ਬੇਅਦਬੀ ਕੀਤੀ ਜਾ ਰਹੀ ਹੈ। ਜਸਟਿਸ ਨਿਰਮਲ ਸਿੰਘ ਨੇ ਐਸ ਜੀ ਪੀ ਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇਸ ਮਾਮਲੇ ਵਿਚ ਖੁਦ ਦਖਲ ਦੇਣ ਦੀ ਮੰਗ ਕਰਦਿਆਂ ਗੁਰਬਾਣੀ ਪ੍ਰਸਾਰਣ ਦੌਰਾਨ ਇਸ਼ਿਤਹਾਰ ਨੂੰ ਬੰਦ ਕਰਨ ਦੀ ਅਪੀਲ ਕੀਤੀ ਹੈ। ਇਥੇ ਜਾਰੀ ਬਿਆਨ ਵਿਚ ਜਸਟਿਸ ਨਿਰਮਲ ਸਿੰਘ ਨੇ ਕਿਹਾ ਕਿ ਪੀ ਟੀ ਸੀ ਸਿਮਰਨ ਚੈਨਲ ਤੇ ਸ਼ਾਮ ਦੇ ਸਮੇਂ ਗੁਰਬਾਣੀ ਦਾ ਪ੍ਰਸਾਰਣ ਕੀਤਾ ਜਾਂਦਾ ਹੈ। ਪ੍ਰਸਾਰਣ ਦੌਰਾਨ ਚੈਨਲ ਤੇ ਇਕ ਪੱਟੀ ਤੇ ਗੁਰਬਾਣੀ ਦੇ ਸ਼ਬਦ ਲਿਖਤ ਰੂਪ ਵਿਚ ਆਉਂਦੇ ਹਨ ਅਤੇ ਉਸ ਦੇ ਉਪਰ ਹੀ ਇਸ਼ਿਤਹਾਰ ਦੀ ਵੀ ਇਕ ਪੱਟੀ ਚੱਲਦੀ ਹੈ। ਜਿਸ ਨਾਲ ਲਿਖਤ ਸ਼ਬਦ ਪੂਰੀ ਤਰ੍ਹਾਂ ਵਿਖਾਈ ਨਹੀ ਦਿੰਦੇ ਹਨ ।ਇਸ ਨਾਲ ਜਿੱਥੇ ਗੁਰਬਾਣੀ ਸੁਣ ਰਹੇ ਵਿਅਕਤੀ ਦਾ ਧਿਆਨ ਹੋਰ ਪਾਸੇ ਭਟਕਦਾ ਹੈ, ਉਥੇ ਹੀ ਗੁਰਬਾਣੀ ਦੀ ਵੀ ਸਰੇਆਮ ਬੇਅਦਬੀ ਕੀਤੀ ਜਾ ਰਹੀ ਹੈ। ਜਸਟਿਸ ਨਿਰਮਲ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੁੱਛਿਆ ਹੈ ਕੀ ਗੁਰਬਾਣੀ ਦੇ ਸ਼ਬਦ ਉੱਪਰ ਇਸ਼ਿਤਹਾਰ ਚਲਾਉਣਾ ਨਾਲ ਗੁਰਬਾਣੀ ਦੀ ਬੇਅਦਬੀ ਨਹੀਂ ਹੋ ਰਹੀ ਹੈ ? ਉਹਨਾਂ ਕਿਹਾ ਹੈ ਕਿ ਇਹ ਪਿਛਲੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਮੈਂਬਰ ਦਾ ਇਸ ਤੇ ਧਿਆਨ ਕਿਉਂ ਨਹੀਂ ਗਿਆ। ਉਹਨਾਂ ਕਿਹਾ ਕਿ ਜਿਹਨਾਂ ਵਿਅਕਤੀਆਂ ਦੀ ਸੁਣਨ ਦੀ ਸ਼ਕਤੀ ਘੱਟ ਹੁੰਦੀ ਹੈ ਉਹ ਗੁਰਬਾਣੀ ਪੜ੍ਹਕੇ ਅਨੰਦ ਲੈਂਦੇਂ ਹਨ ਪਰ ਇਸ਼ਿਤਹਾਰ ਦੀ ਪੱਟੀ ਉੱਪਰ ਆ ਜਾਣ ਕਾਰਨ ਉਹਨਾਂ ਵਿਅਕਤੀਆਂ ਨੂੰ ਕਾਫੀ ਮੁਸ਼ਿਕਲ ਹੁੰਦੀ ਹੈ। ਜਸਟਿਸ ਨਿਰਮਲ ਸਿੰਘ ਨੇ ਕਿਹਾ ਕਿ ਐਸ ਜੀ ਪੀ ਸੀ ਦਾ ਅਹਿਮ ਕੰਮ ਪੂਰੀ ਦੁਨੀਆ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਐਸ ਜੀ ਪੀ ਸੀ ਨੇ ਇਹ ਸਭ ਭੁੱਲ ਕੇ ਸਿਰਫ ਵਪਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਜਸਟਿਸ ਨਿਰਮਲ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਗੁਰਬਾਣੀ ਪ੍ਰਸਾਰਣ ਦੌਰਾਨ ਇਸ਼ਿਤਹਾਰ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਗੁਰਬਾਣੀ ਦਾ ਪੂਰਾ ਸਤਿਕਾਰ ਹੋ ਸਕੇ ਅਤੇ ਗੁਰਬਾਣੀ ਸੁਣਨ ਵਾਲੇ ਵੀ ਇਸ ਦਾ ਪੂਰਾ ਅਨੰਦ ਲੈ ਸਕਣ।



# ਬੱਚਿਆਂ ਨੂੰ ਪੋਲਿਓ ਮੁਕਤ ਕਰਨ ਲਈ ਸਿਵਲ ਸਰਜਨ ਡਾ. ਕਮਲਪਾਲ ਵਲੋ ਇੱਕ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਦਾ ਕੀਤਾ ਆਯੋਜਨ



ਚੌਕ ਮਹਿਤਾ, 20 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)-ਵਿਸ਼ਵ ਸਿਹਤ ਸੰਗਠਨ ਵਲੋ ਪਲਸ ਪੁਲੀਓ ਇਮੂਨਾਈਜੇਸ਼ਨ ਰਾਊਂਡ ਦੇ ਤਹਿਤ ਬੱਚੀਆਂ ਨੂੰ ਪੋਲੀਓ ਤੋਂ ਮੁਕਤ ਕਰਨ ਲਈ ਸਿਵਲ ਸਰਜਨ ਤਰਨ ਤਾਰਨ ਡਾ ਕਮਲਪਾਲ ਜੀ ਦੀ ਪ੍ਰਧਾਨਗੀ ਹੇਠ ਦਫਤਰ ਸਿਵਲ ਸਰਜਨ ਤਰਨ ਤਾਰਨ ਅਨੈਕਸੀ ਹਾਲ ਵਿਖੇ ਇਕ ਰੋਜਾ ਟਰੇਨਿੰਗ ਕਮ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਬਲਾਕਾ ਦੇ ਅਫ਼ਸਰਾਂ ਵਲੋਂ ਸ਼ਿਰਕਤ ਕੀਤੀ ਗਈ। ਇਸ ਵਰਕਸ਼ਾਪ ਤੇ ਸੰਬੋਧਨ ਕਰਦਿਆ ਸਿਵਲ ਸਰਜਨ ਤਰਨ ਤਾਰਨ ਡਾ ਕਮਲਪਾਲ ਜੀ ਨੇ ਕਿਹਾ ਕਿ ਬੇਸ਼ਕ ਭਾਰਤ ਪੋਲਿਓ ਮੁਕਤ ਦੇਸ਼ਾ ਦੀ ਗਿਣਤੀ ਵਿਚ ਆ ਚੁੱਕਾ ਹੈ, ਪਰ ਫਿਰ ਵੀ ਇਸ ਮੁਕਾਮ ਨੂੰ ਰੋਕਣ ਲਈ ਵਿਸ਼ਵ ਸਿਹਤ ਸੰਗਠਨ ਵਲੋ ਇਹ ਰਾਊਡ ਚਲਾਏ ਜਾ ਰਹੇ ਹਨ ।ਪਾਕਿਸਤਾਨ ਅਤੇ ਅਫਗਾਨਿਸਤਾਨ ਗੁਆਢੀ ਦੇਸ਼ਾ ਵਿੱਚ ਹੋਣ ਕਾਰਕੇ ਇਹ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਸਮੇ ਸਮੇ ਤੇ ਇਹ ਰਾਉਡ ਚਲਾਏ ਜਾ ਰਹੇ ਹਨ ਉਨਾ ਨੇ ਕਿਹਾ ਪੋਲੀਓ ਵਰਗੀ ਲਾ- ਇਲਾਜ ਬਿਮਾਰੀ ਨਾਲ ਨਜਿਠਣ ਲਈ ਇਕਲੇ ਸਿਹਤ ਵਿਭਾਗ ਨੂੰ ਹੀ ਕਮਰਬੰਦ ਹੋਣ ਦੇ ਨਾਲ ਬਾਕੀ ਵਿਭਾਗਾਂ ਦੇ ਸਹਿਯੋਗ ਦੀ ਉਨੀ ਹੀ ਲੋੜ ਹੈ ਜਿਲ੍ਹਾ ਟੀਕਾਕਰਨ ਅਫਸਰ ਨੇ ਇਸ ਅਵਸਰ ਤੇ ਜਾਣਕਾਰੀ ਦਿੰਦਿਆ ਕਿਹਾ ਕਿ ਇਹ ਰਾਊਡ ਜੋ ਕਿ ਮਿਤੀ 03,04, ਅਤੇ 05 ਮਾਰਚ 2024 ਨੂੰ ਚਲਾਇਆ ਜਾ ਰਿਹਾ ਹੈ, ਤਹਿਤ 1239102 ਅਬਾਦੀ ਦੇ 213760 ਘਰਾਂ ਵਿੱਚ ਰਹਿੰਦੇ 0 ਤੋ 5 ਸਾਲ ਦੇ 145747 ਬੱਚਿਆ ਨੂੰ 1261 ਟੀਮਾਂ ਵਲੋ ਪੋਲੀਓ ਦੀਆਂ 2 ਬੂੰਦਾਂ ਪਿਲਾਈਆ ਜਾਣਗੀਆ ਅਤੇ 117 ਸੁਪਰਵਾਈਜਰਾ ਵਲੋ ਇਨਾਂ ਦਾ ਨਿਰੀਖਣ ਕੀਤਾ ਜਾਵੇਗਾ।

### ਕਿਸਾਨੀ ਹਕਾਂ ਲਈ ਸੰਘਰਸ਼ ਕਰ ਰਹੀਆਂ ਕਿਸਾਨੀ ਜਥੇਬੰਦੀਆਂ ਵਲੋਂ

# ਸਰਕਾਰੀ ਪ੍ਰਸਤਾਵ ਰੱਦ ਕਰਨਾ ਸਵਾਗਤਯੋਗ : ਸੰਯੁਕਤ ਕਿਸਾਨ ਮੋਰਚਾ




ਨਵੀਂ ਦਿੱਲੀ 20 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰੀ ਮੰਤਰੀਆਂ ਦੁਆਰਾ ਐਮਐਸਪੀ@ ਸੀ2+ਐਫਐਲ +50% ਅਤੇ ਫਸਲੀ ਵਿਭਿੰਨਤਾ 'ਤੇ 5 ਫਸਲਾਂ ਲਈ 5 ਸਾਲਾਂ ਦੇ ਕੰਟਰੈਕਟ ਫਾਰਮਿੰਗ ਦੇ ਪ੍ਰਸਤਾਵ ਨੂੰ ਰੱਦ ਕਰਨ ਦੇ ਐਸਕੇਐਮ ਅਤੇ ਕੇਐਮਐਮ ਦੇ ਫੈਸਲੇ ਦਾ ਸੁਆਗਤ ਕੀਤਾ ਹੈ ਅਤੇ ਸਾਰੀਆਂ ਸਾਂਝੀਆਂ ਪ੍ਰਾਪਤੀਆਂ ਤੱਕ ਸੰਘਰਸ਼ ਜਾਰੀ ਰੱਖਣ ਲਈ ਕਿਹਾ ਹੈ। ਇਹ ਫੈਸਲਾ ਭਾਰਤ ਭਰ ਦੇ ਸਮੁੱਚੇ ਕਿਸਾਨਾਂ ਦੀ ਵੱਡੀ ਏਕਤਾ ਦੀ ਸਹੀ ਦਿਸ਼ਾ ਵਿੱਚ ਲਿਆ ਗਿਆ ਹੈ। ਐਸਕੇਐਮ ਇਸ ਸਮੇਂ ਚੱਲ ਰਹੇ ਖੇਤੀ ਸੰਕਟ ਕਾਰਨ ਵੱਡੀ ਮਨੁੱਖੀ ਤਬਾਹੀ ਦੇ ਸਮੇਂ ਨੂੰ ਸਮਝਦਾ ਹੈ- ਹਰ ਰੋਜ਼ 27 ਕਿਸਾਨ ਖੁਦਕੁਸ਼ੀਆਂ ਕਰਦੇ ਹਨ ਅਤੇ ਨੌਜਵਾਨ ਕਿਸਾਨ ਪ੍ਰਵਾਸੀ ਮਜ਼ਦੂਰਾਂ ਦੇ ਦਰਜੇ ਵਿੱਚ ਸ਼ਾਮਲ ਹੋਣ ਲਈ ਸ਼ਹਿਰੀ ਕੇਂਦਰਾਂ ਵਿੱਚ ਕੰਮ ਕਰਨ ਲਈ ਮਜਬੂਰ ਹਨ ਅਤੇ 80 ਕਰੋੜ ਲੋਕ ਨਿਰਭਰ ਹਨ। ਮੋਦੀ ਰਾਜ ਅਧੀਨ ਮੁਫਤ ਰਾਸ਼ਨ 'ਤੇ- ਕਾਰਪੋਰੇਟ ਤਾਕਤਾਂ ਵਿਰੁੱਧ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਏਕਤਾ ਸਮੇਂ ਦੀ ਲੋੜ ਹੈ। ਐਸਕੇਐਮ ਭਾਰਤ ਭਰ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ 21 ਫਰਵਰੀ ਨੂੰ ਭਾਜਪਾ-ਐਨਡੀਏ ਸੰਸਦ ਮੈਂਬਰਾਂ ਦੇ ਹਲਕਿਆਂ ਵਿੱਚ 9 ਦਸੰਬਰ 2021 ਨੂੰ ਮੋਦੀ ਸਰਕਾਰ ਦੁਆਰਾ ਐਸਕੇਐਮ ਨਾਲ ਕੀਤੇ ਸਮਝੌਤੇ ਨੂੰ ਲਾਗੂ ਕਰਨ ਅਤੇ ਕਿਸਾਨਾਂ 'ਤੇ ਵਹਿਸ਼ੀ ਰਾਜਸੀ ਜਬਰ ਨੂੰ ਰੋਕਣ ਦੀ ਮੰਗ ਨੂੰ ਲੈ ਕੇ ਕਿਸਾਨਾਂ ਦੇ ਵਿਸ਼ਾਲ ਪ੍ਰਦਰਸ਼ਨ ਦਾ ਸਮਰਥਨ ਕਰਨ ਦੀ ਅਪੀਲ ਕਰਦਾ ਹੈ। ਐਸਕੇਐਮ ਘੋਸ਼ਣਾ ਕਰਦਾ ਹੈ ਕਿ ਇਹ ਪ੍ਰਧਾਨ ਮੰਤਰੀ ਅਤੇ ਕਾਰਜਕਾਰੀ ਦੀ ਜ਼ਿੰਮੇਵਾਰੀ ਹੈ ਕਿ ਉਹ 9 ਦਸੰਬਰ 2021 ਨੂੰ ਐਸਕੇਐਮ ਨਾਲ ਹਸਤਾਖਰ ਕੀਤੇ ਸਮਝੌਤੇ ਨੂੰ ਲਾਗੂ ਕਰੇ ਅਤੇ ਐਮਐਸਪੀ@ਸੀ2+50% ਨੂੰ ਲਾਗੂ ਕਰਨ ਦੇ 2014 ਦੀਆਂ ਆਮ ਚੋਣਾਂ ਦੇ ਭਾਜਪਾ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਨਾਲ ਇਨਸਾਫ਼ ਕਰੇ। ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਖਰੀਦ ਨਾਲ ਫਸਲਾਂ। ਕਾਰਪੋਰੇਟ ਹਿੱਤਾਂ ਦੀ ਪੂਰਤੀ ਕਰਨ ਵਾਲੇ "ਮਾਹਰ" ਅਤੇ ਮੀਡੀਆ ਸੰਪਾਦਕੀ ਗਲਤ ਅਰਥ ਕੱਢਣ 'ਤੇ ਤੁਲੇ ਹੋਏ ਹਨ ਕਿ ਘੱਟੋ-ਘੱਟ ਸਮਰਥਨ ਮੁੱਲ 'ਤੇ ਸਾਰੀਆਂ ਫਸਲਾਂ ਦੀ ਖਰੀਦ ਲਈ ਐਮਐਸਪੀ ਲਈ ਕਾਨੂੰਨੀ ਗਾਰੰਟੀ 'ਵਿੱਤੀ ਤਬਾਹੀ' ਨੂੰ ਸਪੈਲ ਕਰ ਸਕਦੀ ਹੈ। ਇਹ ਦਲੀਲ ਕਾਰਪੋਰੇਟ ਤਾਕਤਾਂ ਦਾ ਤਰਕ ਹੈ। ਐਸਕੇਐਮ ਅਤੇ ਸਾਰੇ ਲੋਕ-ਪੱਖੀ ਮਾਹਰਾਂ ਅਤੇ ਵਿਗਿਆਨੀਆਂ ਨੇ ਤਰਕ ਕੀਤਾ ਹੈ ਕਿ ਐਮਐਸਪੀ ਦਾ ਮਤਲਬ ਮਨੁੱਖੀ ਤਬਾਹੀ ਨਹੀਂ ਹੈ - ਜਿਵੇਂ ਕਿ ਦੇਸ਼ ਅੱਜ ਪੇਂਡੂ ਖੇਤਰਾਂ ਵਿੱਚ ਦੇਖ ਰਿਹਾ ਹੈ - ਤੀਬਰ ਗਰੀਬੀ, ਕਰਜ਼ੇ, ਬੇਰੁਜ਼ਗਾਰੀ ਅਤੇ ਇਨਾਮੀ ਵਾਧੇ ਨਾਲ ਭਰਿਆ ਹੋਇਆ ਹੈ। ਐਸਕੇਐਮ ਲਾਹੇਵੰਦ ਆਮਦਨ ਨੂੰ ਯਕੀਨੀ ਬਣਾ ਕੇ ਅਤੇ ਉਤਪਾਦਨ ਦੀ ਲਾਗਤ ਨੂੰ ਘਟਾਉਣ ਲਈ ਸਬਸਿਡੀਆਂ ਵਧਾ ਕੇ ਮੁੱਖ ਭੋਜਨ ਉਤਪਾਦਨ ਮੁੱਖ ਤੌਰ 'ਤੇ ਝੋਨਾ ਅਤੇ ਕਣਕ ਲਈ ਕਿਸਾਨੀ ਖੇਤੀਬਾੜੀ ਦੀ ਸੁਰੱਖਿਆ ਦੇ ਮਹੱਤਵ 'ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹੈ। ਕੁਝ ਵਰਗਾਂ ਦੀ ਰਾਏ ਹੈ, ਫਸਲੀ ਵਿਭਿੰਨਤਾ ਪਾਣੀ ਦੇ ਪੱਧਰ ਦੇ ਘਟਣ ਨੂੰ ਹੱਲ ਕਰਨ ਵਿੱਚ ਮਦਦ ਕਰਦੀ ਹੈ, ਕਿਸਾਨ ਅੰਦੋਲਨ ਫਸਲੀ ਵਿਭਿੰਨਤਾ ਦੇ ਵਿਰੁੱਧ ਨਹੀਂ ਹੈ ਪਰ ਮੁੱਖ ਭੋਜਨ ਉਤਪਾਦਨ, ਭੋਜਨ ਸੁਰੱਖਿਆ ਅਤੇ ਇਸ ਤਰ੍ਹਾਂ, ਦੇਸ਼ ਦੀ ਪ੍ਰਭੂਸੱਤਾ ਨੂੰ ਕਮਜ਼ੋਰ ਕਰਕੇ ਨਹੀਂ ਹੈ। ਇਹ ਦਲੀਲ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਸਾਰੀਆਂ 23 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇਣ ਲਈ 11 ਲੱਖ ਕਰੋੜ ਰੁਪਏ ਲੱਭਣੇ ਪਏ ਹਨ, ਇਹ ਵੀ ਬੇਬੁਨਿਆਦ ਹੈ ਕਿਉਂਕਿ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਖਰੀਦ ਦਾ ਮਤਲਬ ਇਹ ਨਹੀਂ ਹੈ ਕਿ ਸਰਕਾਰ ਨੂੰ ਅਦਾਇਗੀ ਅਤੇ ਖਰੀਦ ਕਰਨੀ ਪਵੇ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਕਾਰਪੋਰੇਟ ਤਾਕਤਾਂ ਆਪਣੀ ਹਿੱਸੇਦਾਰੀ ਨੂੰ ਯਕੀਨੀ ਬਣਾਉਣ। ਕਿਸਾਨਾਂ ਨੂੰ ਲਾਹੇਵੰਦ ਕੀਮਤ ਦੇ ਤੌਰ 'ਤੇ ਮੁਨਾਫ਼ਾ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਅਤੇ ਜਨਤਕ ਖੇਤਰ ਉਤਪਾਦਕ ਸਹਿਕਾਰੀ ਅਤੇ ਗੈਰ-ਕਾਰਪੋਰੇਟ ਪ੍ਰਾਈਵੇਟ ਸੈਕਟਰ ਨੂੰ ਖਰੀਦ, ਪ੍ਰਾਇਮਰੀ ਅਤੇ ਸੈਕੰਡਰੀ ਪ੍ਰੋਸੈਸਿੰਗ, ਸਟੋਰੇਜ ਅਤੇ ਬੁਨਿਆਦੀ ਢਾਂਚਾ ਨਿਰਮਾਣ ਅਤੇ ਬ੍ਰਾਂਡਡ ਮਾਰਕੀਟਿੰਗ ਦੇ ਵਾਢੀ ਤੋਂ ਬਾਅਦ ਦੇ ਕੰਮ ਕਰਨ ਲਈ ਉਤਸ਼ਾਹਿਤ ਕਰਦੇ ਹਨ। ਇਹ ਨੀਤੀ ਤਬਦੀਲੀ ਰੁਜ਼ਗਾਰ ਸਿਰਜਣ, ਮਜ਼ਦੂਰਾਂ ਅਤੇ ਕਿਸਾਨਾਂ ਲਈ ਬਿਹਤਰ ਕੀਮਤ ਅਤੇ ਉਜਰਤ ਅਤੇ ਰਾਜ ਅਤੇ ਕੇਂਦਰ ਸਰਕਾਰਾਂ ਨੂੰ ਵਧੇਰੇ ਟੈਕਸ ਆਮਦਨ ਲਿਆਏਗੀ।

### ਜਰਮਨ ਦੇ ਗੁਰਦਵਾਰਾ ਸਿੱਖ ਸੈਂਟਰ ਦੀਆਂ ਸੰਗਤਾਂ ਵੱਲੋਂ

# ਕਿਸਾਨ ਸੰਘਰਸ਼ ਮੋਰਚੇ ਨੂੰ ਦਿੱਤੀ ਹਮਾਇਤ, ਮੋਰਚੇ ਦੀ ਚੜ੍ਹਦੀ ਕਲਾ ਲਈ ਕੀਤੀ ਅਰਦਾਸ



**ਨਵੀਂ ਦਿੱਲੀ 20 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਭਾਰਤ ਸਰਕਾਰ ਵੱਲੋਂ ਸਤੰਬਰ 2020 ਵਿੱਚ ਕਿਸਾਨ ਵਿਰੁੱਧੀ ਤਿੰਨ ਬਿੱਲ ਪਾਸ ਕੀਤੇ ਗਏ ਸਨ। ਜਿਸਦਾ ਦੇਸ਼ ਪੱਧਰ ਦੇ ਕਿਸਾਨਾਂ ਵੱਲੋਂ ਵਿਰੋਧ ਕਰਦਿਆਂ ਦਿੱਲੀ ਵਿਖੇ ਕਿਸਾਨ ਸੰਘਰਸ਼ ਮੋਰਚਾ ਲਗਾਇਆ ਗਿਆ ਸੀ, ਇਹ ਮੋਰਚਾ ਲੱਗਭੱਗ ਡੇਢ ਸਾਲ ਚੱਲਿਆ, ਜਿਸਦੀ ਵਿਸ਼ਵ ਪੱਧਰ ਤੇ ਚਰਚਾ ਹੋਈ ਅਤੇ ਸਮਰਥਨ ਮਿਲਿਆ। ਭਾਰਤ ਸਰਕਾਰ ਵੱਲੋਂ ਧੋਖੇ ਨਾਲ ਮੋਰਚਾ ਉੱਠਵਾ ਲਿਆ ਗਿਆ ਪਰ ਕਿਸਾਨਾਂ ਦੇ ਹੱਕ ਵਿੱਚ ਇਸਦਾ ਕੋਈ ਹੱਲ ਨਾ ਕੀਤਾ ।ਹੁਣ ਜਦੋਂ ਭਾਰਤ ਦੀ ਕੇਂਦਰ ਸਰਕਾਰ ਆਪਣਾ ਸੇਵਾਕਾਲ ਪੂਰਾ ਕਰਨ ਵਾਲੀ ਹੈ ਅਤੇ ਜਨਤਾ ਦੇ ਹੱਕ ਚ ਕੋਈ ਵੀ ਕੰਮ ਨਾ ਕਰਕੇ ਜਨਤਾ ਨੂੰ ਧਰਮ ਦੇ ਨਾਮ ਤੇ ਠੱਗਣ ਦੀ ਕੋਸ਼ਿਸ਼ ਕਰ ਰਹੀ ਹੈ ਇਸ ਲਈ ਭਾਰਤ ਦੇ ਕਿਸਾਨਾਂ ਨੇ ਆਪਣਿਆਂ ਹੱਕਾਂ ਖਾਤਿਰ ਕਿਸਾਨ ਸੰਘਰਸ਼ ਮੋਰਚਾ ਫਿਰ ਖੋਲ੍ਹ ਦਿੱਤਾ ਹੈ ਜਿਸਦੀ ਸ਼ੁਰੂਆਤ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਕੀਤੀ ਹੈ। ਪਰ ਹਰਿਆਣਾ ਦੀ ਖੱਟੜ ਬੀਜੇਪੀ ਸਰਕਾਰ ਨੇ ਪੰਜਾਬ ਹਰਿਆਣਾ ਬਾਰਡਰ ਤੇ ਵੱਡੇ ਪੱਧਰ ਤੇ ਬੈਰੀਗੇਟਿੰਗ ਕਰਕੇ ਕਿਸਾਨਾਂ ਦੇ ਲੋਕਤੰਤਰੀ ਹੱਕ ਨੂੰ ਵੀ ਮਾਰ ਦਿੱਤਾ ਹੈ। ਹਰਿਆਣਾ ਸਰਕਾਰ ਵੱਲੋਂ ਇਸ ਤਰਾਂ ਬੈਰੀਗੇਟਿੰਗ ਕੀਤੀ ਗਈ ਹੈ ਜਿਵੇਂ ਪੰਜਾਬ ਕਿਸੇ ਦੂਜੇ ਦੇਸ਼ ਦਾ ਰਾਜ ਹੋਵੇ। ਇਥੇ ਹੀ ਬੱਸ ਨਹੀਂ ਕਿਸਾਨਾਂ ਉੱਤੇ ਅਣਮਨੁੱਖੀ ਤਸ਼ੱਦਦ ਵੀ ਕੀਤਾ ਜਾ ਰਿਹਾ ਹੈ, ਜਿਸਦੀ ਇਕ ਵਾਰ ਫਿਰ ਤੋਂ ਵਿਸ਼ਵ ਭਰ ਵਿੱਚ ਸਖਤ ਨਿੰਦਾ ਹੋ ਰਹੀ ਹੈ। ਜਰਮਨੀ ਦੇ ਫਰੈਂਕਫੋਰਟ ਸ਼ਹਿਰ ਵਿੱਚ ਸਥਿੱਤ ਗੁਰਦੁਆਰਾ ਸਿੱਖ ਸੈਂਟਰ ਵਿਖੇ ਸਿੱਖ ਜਰਨੈਲ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹਫਤਾਵਾਰੀ ਦੀਵਾਨਾਂ ਦੀ ਸਮਾਪਤੀ ਤੇ ਕਿਸਾਨੀ ਸੰਘਰਸ਼ ਮੋਰਚੇ ਦੀ ਅਤੇ ਸਾਰੇ ਕਿਸਾਨਾਂ, ਬੀਬੀਆਂ, ਨੌਜਵਾਨਾਂ, ਬਜ਼ੁਰਗਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸਾਨ ਸੰਘਰਸ਼ ਮੋਰਚੇ ਲਈ ਪੂਰਨ ਸਹਿਯੋਗ ਭੇਜਣ ਦਾ ਐਲਾਨ ਕੀਤਾ ਅਤੇ ਸੰਗਤਾਂ ਨੂੰ ਵੀ ਸਹਿਯੋਗ ਕਰਨ ਦੀ ਅਪੀਲ ਕੀਤੀ। ਭਾਈ ਗੁਰਚਰਨ ਸਿੰਘ ਗੁਰਾਇਆਂ ਨੇ ਆਖਿਆ ਕਿ ਭਾਰਤ ਦੀ ਕੇਂਦਰ ਤੇ ਕਾਬਜ਼ ਬੀਜੇਪੀ ਸਰਕਾਰ ਸਿੱਖਾਂ ਨੂੰ ਗੁਲਾਮ ਬਣਾਉਣ ਦੇ ਮੱਕਸਦ ਨਾਲ ਇਸ ਦੇਸ਼ ਵਿੱਚ ਦੁਸ਼ਮਣਾਂ ਵਾਲਾ ਰਿਸ਼ਤਾ ਨਿਭਾ ਰਹੀ ਹੈ, ਉਹਨਾਂ ਕਿਹਾ ਕਿ ਸਿੱਖਾਂ ਨੇ 98% ਕੁਰਬਾਨੀਆਂ ਕਰਕੇ ਦੇਸ਼ ਨੂੰ ਆਜ਼ਾਦ ਕਰਵਾਇਆ ਪਰ ਉਹਨਾਂ ਨੂੰ ਇਸ ਦੇਸ਼ ਵਿੱਚ ਜ਼ਰਾਇਮ ਪੇਸ਼ਾ ਕਿਹਾ ਗਿਆ, ਉਹਨਾਂ ਇਹ ਵੀ ਐਲਾਨ ਕੀਤਾ । ਇਸ ਸਮੇਂ ਸ. ਗੁਰਚਰਨ ਸਿੰਘ ਗੁਰਾਇਆਂ, ਬਲਕਾਰ ਸਿੰਘ, ਨਰਿੰਦਰ ਸਿੰਘ, ਅਨੂਪ ਸਿੰਘ, ਹੀਰਾ ਸਿੰਘ, ਗ੍ਰੰਥੀ ਭਾਈ ਚਮਕੌਰ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਗੁਰਨਿਸ਼ਾਨ ਸਿੰਘ ਪੱਟੀ, ਭਾਈ ਹਰਪ੍ਰੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਸਮੂੰਹ ਸੰਗਤਾਂ ਹਾਜ਼ਿਰ ਸਨ।

# ਭਾਈ ਹਰਦੀਪ ਸਿੰਘ ਨਿੱਝਰ ਗੁਰਮਤਿ ਸਕੂਲ ਵੱਲੋਂ ਪੁਰਾਤਨ ਤਾਂਤੀ ਸਾਜ਼ਾਂ ਨਾਲ ਕਰਵਾਏ ਗਏ ਸਲਾਨਾ ਬਸੰਤ ਰਾਗ ਦਰਬਾਰ



ਨਵੀਂ ਦਿੱਲੀ 20ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡਾ ਵਿਖੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਗੁਰਮਤਿ ਸਕੂਲ਼ ਵੱਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਹਰ ਸਾਲ ਦੀ ਤਰ੍ਹਾਂ 2024 ਦਾ ਸਲਾਨਾ ਬਸੰਤ ਰਾਗ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੀਆਂ 16 ਟੀਮਾਂ ਤੋ ਇਲਾਵਾ ਲੋਅਰ ਮੇਨਲੈਂਡ ਦੀਆਂ 15 ਗੁਰਮਤਿ ਅਕੈਡਮੀਆਂ ਨੇ ਆਪਣੀਆਂ ਟੀਮਾਂ ਸ਼ਾਮਿਲ ਕਰਕੇ ਪ੍ਰੋਗਰਾਮ ਨੂੰ ਬੁਲੰਦੀਆਂ ਤੇ ਪਹੁੰਚਾ ਦਿੱਤਾ । ਪੰਜ ਸਾਲ ਦੀ ਉਮਰ ਤੋਂ ਲੈਕੇ ਤਕਰੀਬਨ 20 ਸਾਲ ਦੀ ਉਮਰ ਤਕ ਦੇ ਬੱਚਿਆਂ ਨੇ ਬਸੰਤ ਰਾਗ ਵਿੱਚ ਸ਼ਬਦਾਂ ਦਾਂ ਇਤਨੀ ਪਕਿਆਈ ਨਾਲ ਗਾਇਨ ਕੀਤਾ ਕਿ ਸੰਗਤਾਂ ਕੀਰਤਨ ਸੁਣ ਕੇ ਭਾਵ ਵਿਹੋਰ ਹੋ ਕੇ ਗੁਰੂ ਸਾਹਿਬ ਜੀ ਸ਼ੁਕਰਾਨਾ ਕਰ ਰਹੀਆਂ ਸਨ । ਦੋ ਰੋਜ਼ਾ ਪ੍ਰੋਗਰਾਮ ਅੰਦਰ ਸਮਾਗਮ ਦੇ ਅਖੀਰ ਵਿੱਚ ਬੱਚਿਆਂ ਨੂੰ ਸਰਟੀਫਿਕੇਟ ਅਤੇ ਟੀਸ਼ਰਟਾਂ ਇਨਾਮ ਵਜੋਂ ਅਤੇ ਉਸਤਾਦ ਸਾਹਿਬਾਨ ਦਾ ਦੁਨੀਆ ਦੀ ਸਭ ਤੋਂ ਮਹਿੰਗੀ ਵਿੱਦਿਆ ਪ੍ਰਦਾਨ ਕਰਨ ਲਈ ਮਾਨ ਸਨਮਾਨ ਕੀਤਾ ਗਿਆ । ਗੁਰੂ ਘਰ ਦੀ ਮਨੇਜਮੈਂਟ ਤੋਂ ਇਲਾਵਾ ਬਹੁਤ ਸਾਰੇ ਵਾਲੰਟੀਅਰ ਵੀਰਾਂ ਤੇ ਭੈਣਾਂ ਨੇ ਉਲੀਕੇ ਗਏ ਪ੍ਰੋਗਰਾਮ ਨੂੰ ਸਫਲ ਕਰਨ ਵਿੱਚ ਆਪਣਾ ਸੁੱਚਜਾ ਯੋਗਦਾਨ ਪਾਇਆ ਜਿਸ ਦਾ ਪ੍ਰਬੰਧਕਾਂ ਵੱਲੋਂ ਧੰਨਵਾਦ ਕੀਤਾ ਗਿਆ। ਜਿਕਰਯੋਗ ਹੈ ਕਿ ਉਕਤ ਗੁਰੂਘਰ ਵਲੋਂ ਊੜੇ ਤੇ ਜੂੜੇ ਦੀ ਸਾਂਭ ਸੰਭਾਲ ਵਾਸਤੇ ਅਨੇਕਾਂ ਜਤਨ ਕੀਤੇ ਜਾਂਦੇ ਹਨ ਜਿਸ ਵਿੱਚ ਪੰਜਾਬੀ ਦੀ ਕਲਾਸਾਂ, ਗੁਰਬਾਣੀ ਸ਼ੁੱਧ ਉਚਾਰਨ ਸੰਥਿਆਂ ਦੀਆਂ ਕਲਾਸਾਂ, ਹਰਮੋਨੀਅਮ ਅਤੇ ਤਾਂਤੀ ਸਾਜ਼ਾਂ ਨਾਲ ਕੀਰਤਨ ਦੀਆਂ ਕਲਾਸਾਂ, ਦਸਤਾਰ ਦੁਮਾਲਾ ਕੇਸਕੀ ਅਤੇ ਗਤਕਾ ਸਿਖਲਾਈ ਲਈ ਕਲਾਸਾਂ ਉੱਚ ਪੱਧਰ ਦੇ ਉਸਤਾਦ ਸਾਹਿਬਾਨ ਦੀਆਂ ਸੇਵਾਵਾਂ ਚਲਾਈਆਂ ਜਾ ਰਹੀਆਂ ਹਨ।

# ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਵਿਖੇ ਸਲਾਨਾ ਅਰਦਾਸ ਦਿਵਸ ਸਮਾਗਮ ਕਰਵਾਇਆ ਗਿਆ



**ਚੌਕ ਮਹਿਤਾ, 20 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਦਸ਼ਮੇਸ਼ ਹੈਰੀਟੇਜ਼ ਪਬਲਿਕ ਸਕੂਲ ਅਤੇ ਦਸ਼ਮੇਸ਼ ਕਾਲਜ਼ ਫਾਰ ਵਿਮਨ ਮਹਿਤਾ ਚੌਂਕ ਦੇ ਸਮੂਹ ਵਿਦਿਆਰਥੀਆਂ ਵੱਲੋਂ ਆਪਣੀਆਂ ਸਾਲਾਨਾ ਪ੍ਰੀਖਿਆਵਾਂ ਵਿੱਚ ਬੈਠਣ ਤੋਂ ਪਹਿਲਾਂ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉੱਟ-ਆਸਰਾ ਲਿਆ ਗਿਆ। ਇਹ ਸਮਾਗਮ ਸੰਸਥਾ ਦੇ ਸਰਪ੍ਰਸਤ ਮਹਾਂਪੁਰਖ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਮੁੱਖੀ ਸ੍ਰੀ ਦਮਦਮੀ ਟਕਸਾਲ ਤੇ ਪ੍ਰਧਾਨ ਸੰਤ ਸਮਾਜ ਦੀ ਅਗਵਾਈ ਵਿੱਚ ਕੀਤਾ ਗਿਆ। ਸ੍ਰੀ ਅਖੰਡ ਸਾਹਿਬ ਦੇ ਭੋਗ ਉਪਰੰਤ ਭਾਈ ਲਵਜੀਤ ਸਿੰਘ, ਭਾਈ ਸਿਮਰਨਜੀਤ ਸਿੰਘ ਹਜ਼ੂਰੀ ਰਾਗੀ ਦਮਦਮੀ ਟਕਸਾਲ ਵੱਲੋਂ ਗੁਰਬਾਣੀ ਦਾ ਰਸ ਭਿੰਨ੍ਹਾਂ ਕੀਰਤਨ ਗਾਇਨ ਕੀਤਾ ਗਿਆ। ਇਸ ਅਰਦਾਸ ਸਮਾਗਮ ਵਿੱਚ ਮਹਾਂਪੁਰਖ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਸ੍ਰੀ ਦਮਦਮੀ ਟਕਸਾਲ ਤੇ ਪ੍ਰਧਾਨ ਸੰਤ ਸਮਾਜ ਵੱਲੋਂ ਪਹੁੰਚੇ ਜਥੇਦਾਰ ਬਾਬਾ ਸੁਖਦੇਵ ਸਿੰਘ ਜੀ ਮੁੱਖ ਬੁਲਾਰੇ ਦਮਦਮੀ ਟਕਸਾਲ ਤੇ ਗਿਆਨੀ ਸਾਹਬ ਸਿੰਘ ਜੀ ਕਥਾਵਾਚਕ ਦਮਦਮੀ ਟਕਸਾਲ ਨੇ ਮੌਜੂਦ ਸੰਗਤਾਂ ਨੂੰ ਅਧਿਆਤਮਕ ਵਿਚਾਰਾਂ ਨਾਲ ਜੋੜਿਆ। ਜਥੇਦਾਰ ਬਾਬਾ ਸੁਖਦੇਵ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਉਪਦੇਸ਼ ਦਿੱਤਾ ਕਿ ਉਹ ਪਰਮਾਤਮਾ ਦੇ ਨਾਮ ਨਾਲ਼ ਜੁੜੇ ਰਹਿਣ ਅਤੇ ਵਿੱਦਿਆ ਦੇ ਮਹਾਂਸਾਗਰ ਦੀਆਂ ਗਹਿਰਾਈਆਂ ਦਾ ਰਸ ਮਾਨਣ ।ਅਧਿਆਤਮਕ ਅਤੇ ਦੁਨਿਆਵੀ ਵਿੱਦਿਆ ਵਿਦਿਆਰਥੀਆਂ ਦੇ ਜੀਵਨ ਵਿੱਚ ਬਰਾਬਰ ਜ਼ਰੂਰੀ ਹੈ। ਸਕੂਲ ਦੇ ਚੇਅਰਮੈਨ ਸਰਦਾਰ ਗੁਰਦੀਪ ਸਿੰਘ ਰੰਧਾਵਾ ਨੇ ਜਥੇਦਾਰ ਬਾਬਾ ਸੁਖਦੇਵ ਸਿੰਘ ਜੀ ਦਾ ਸਮਾਗਮ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ। ਇਸ ਤੋਂ ਇਲਾਵਾ ਸਹਿਜ ਪਾਠ ਕਰਨ ਵਾਲੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸਿਰਪਾਓ ਸਾਹਿਬ ਭੇਂਟ ਕੀਤੇ ਗਏ। ਸਕੂਲ ਦੇ ਵਿਦਿਆਰਥੀਆਂ ਵੱਲੋਂ ਕੀਰਤਨ ਤੇ ਕਵੀਸ਼ਰੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਆਈਆਂ ਹੋਈਆਂ ਸੰਗਤਾਂ ਲਈ ਸਕੂਲ ਅਤੇ ਵਿਦਿਆਰਥੀਆਂ ਵੱਲੋਂ ਗੁਰੂ ਕੇ ਲੰਗਰ ਦੀਆਂ ਸੇਵਾਵਾਂ ਨਿਭਾਈਆਂ ਗਈਆਂ। ਇਸ ਮੌਕੇ ਸੰਸਥਾ ਦੇ ਮੈਨੇਜ਼ਰ ਸਰਦਾਰ ਹਰਸ਼ਦੀਪ ਸਿੰਘ ਰੰਧਾਵਾ, ਸਰਦਾਰ ਅਵਤਾਰ ਸਿੰਘ ਬੁੱਟਰ ਮੈਂਬਰ ਚੀਫ਼ ਖਾਲਸਾ ਦੀਵਾਨ, ਪ੍ਰਿੰਸੀਪਲ ਮੈਡਮ ਗੁਰਬੀਰ ਕੌਰ, ਵਾਈਸ ਪ੍ਰਿੰਸੀਪਲ ਮੈਡਮ ਬਲਜੀਤ ਕੌਰ, ਕੋ-ਆਰਡੀਨੇਟਰ ਮੈਡਮ ਰਵਿੰਦਰ ਕੌਰ, ਮੈਡਮ ਸੁਧਾ ਸ਼ਰਮਾ 'ਤੇ ਸਰ ਕੁਲਵਿੰਦਰ ਸਿੰਘ ਮੌਜੂਦ ਸਨ।

# ਜਨਮ ਦਿਨ ਮੁਬਾਰਕ





**ਸਰਗੁਣ ਸਿੰਘ ਅਤੇ ਫ਼ਤਿਹਵੀਰ ਸਿੰਘ ਵਾਸੀ ਅੰਮ੍ਰਿਤਸਰ ਤੇ ਸਮੂਹ ਪਰਿਵਾਰ ਨੂੰ ਜਨਮਦਿਨ ਦੀਆਂ ਮੁਬਾਰਕਾਂ।**

### ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਦੀ ਮੀਟਿੰਗ ਵਿੱਚ ਅਹਿਮ ਐਲਾਨ

# ਘੱਲੂਘਾਰਾ ਦੀ 40ਵੀਂ ਯਾਦ ਵਿੱਚ ਲੰਡਨ 'ਚ ਫਰੀਡਮ ਰੈਲੀ 16 ਜੂਨ ਨੂੰ



**ਲੰਡਨ, 20 ਫਰਵਰੀ (ਸਰਬਜੀਤ ਸਿੰਘ ਬਨੂੜ)**- ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਨੇ ਘੱਲੂਘਾਰਾ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ 40ਵੀਂ ਯਾਦ ਵਿੱਚ ਫਰੀਡਮ ਰੈਲੀ 16 ਜੂਨ ਨੂੰ ਕੱਢਣ ਦਾ ਐਲਾਨ ਕੀਤਾ ਗਿਆ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੀ ਵਿਸ਼ੇਸ਼ ਇੱਕਤਰਤਾ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਵਿੱਚ ਕੋਆਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ , ਕੋਆਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਕੋਆਡੀਨੇਟਰ ਭਾਈ ਜੋਗਾ ਸਿੰਘ, ਭਾਈ ਜਗਵਿੰਦਰ ਸਿੰਘ, ਬ੍ਰਿਟਿਸ਼ ਸਿੱਖ ਕੌਂਸਲ ਦੇ ਮੁੱਖੀ ਭਾਈ ਤਰਸੇਮ ਸਿੰਘ ਦਿਓਲ, ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਭਾਈ ਗੁਰਮੇਜ ਸਿੰਘ ਗਿੱਲ, ਭਾਈ ਸਤਵਿੰਦਰ ਸਿੰਘ ਜਾਗੋਵਾਲਾ, ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਭਾਈ ਗੁਰਦੇਵ ਸਿੰਘ ਚੋਹਾਨ, ਭਾਈ ਕੁਲਦੀਪ ਸਿੰਘ ਨਿਹੰਗ, ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ , ਭਾਈ ਰਜਿੰਦਰ ਸਿੰਘ ਚਿੱਟੀ ਅਤੇ ਭਾਈ ਜਸ ਸਿੰਘ ਡਰਬੀ ਵਲੋਂ ਸ਼ਮੂਲੀਅਤ ਕੀਤੀ ਗਈ। ਸਮੂਹ ਆਗੂਆਂ ਨੇ ਕਿਹਾ ਕਿ ਜੂਨ 1984 ਦੌਰਾਨ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਦੀ ਯਾਦ ਸਿੱਖ ਕੌਮ ਵਾਸਤੇ ਅਭੁੱਲ ਹੈ। ਮੀਟਿੰਗ ਵਿੱਚ ਫੈਂਸਲਾ ਹੋਇਆ ਕਿ ਘੱਲੂਘਾਰਾ ਦੀ 40ਵੀਂ ਸਾਲਾਨਾ ਯਾਦ ਅੰਦਰ ਵੱਡੀ ਪੱਧਰ ਤੇ ਪ੍ਰੋਗਰਾਮ ਕੀਤੇ ਜਾਣਗੇ। ਲੰਡਨ ਵਿੱਚ ਘੱਲੂਘਾਰਾ ਯਾਦਗਰੀ ਮਾਰਚ ਅਤੇ ਫਰੀਡਮ ਰੈਲੀ 16 ਜੂਨ ਐਤਵਾਰ ਨੂੰ ਹੋਵੇਗੀ ਅਤੇ 6 ਜੂਨ ਵੀਰਵਾਰ ਵਾਲੇ ਦਿਨ ਭਾਰਤੀ ਅੰਬੈਸੀ ਲੰਡਨ , ਭਾਰਤੀ ਕੌਂਸਲੇਟ ਜਨਰਲ ਗਲਾਸਗੋ ਅਤੇ ਭਾਰਤੀ ਕੌਂਸਲੇਟ ਜਨਰਲ ਬ੍ਰਮਿੰਘਮ ਸਾਹਮਣੇ ਰੋਸ ਮੁਜਾਹਰੇ ਕੀਤੇ ਜਾਣਗੇ। ਇਸ ਸਬੰਧੀ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਸਿੱਖ ਸੰਗਤਾਂ ਨੂੰ ਘੱਲੂਘਾਰੇ ਸਬੰਧੀ ਉਲੀਕੇ ਗਏ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਣ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਨੇ ਆਪਣੇ ਹੀ ਦੇਸ਼ ਵਿੱਚ ਮੁਗਲੀਆ ਅਤੇ ਹਿਟਲਰ ਸ਼ਾਹੀ ਜ਼ੁਲਮਾਂ ਨੂੰ ਮਾਤ ਪਾਉਂਦਿਆਂ ਨਿਰਦੋਸ਼ ਸਿੱਖ ਬਜੁਰਗਾਂ,ਸਿੱਖ ਬੀਬੀਆਂ ਅਤੇ ਦੁੱਧ ਚੁੰਘਦੇ ਬੱਚਿਆਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ ਸੀ ਅਤੇ ਸਿੱਖ ਕੌਮ ਦੇ ਸਰਵਉੱਚ ਅਸਥਾਨ ਰਾਜਸੀ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਗਿਆ, ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਕਰਦਿਆਂ ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਸਰੂਪਾਂ ਸਮੇਤ ਸਿੱਖ ਇਤਿਹਾਸ, ਗੁਰ ਇਤਿਹਾਸ ਦੇ ਸਰੋਤ, ਗੁਰੂ ਸਾਹਿਬ ਦੇ ਹੱਥ ਲਿਖਤ ਹੁਕਮਨਾਮੇ ਅਗਨ ਭੇਂਟ ਕਰ ਦਿੱਤੇ ਗਏ ਸਨ। ਮੀਟਿੰਗ ਵਿੱਚ ਆਗੂਆਂ ਨੇ ਕਿਸਾਨ ਅੰਦੋਲਨ ਦੀ ਡੱਟ ਕੇ ਹਮਾਇਤ ਕਰਦਿਆਂ ਕਿਸਾਨ ਅੰਦੋਲਨ ਵਿੱਚ ਅਕਾਲ ਚਲਾਣਾ ਕਰ ਗਏ ਸ ਗਿਆਨ ਸਿੰਘ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

> ☛ 6 ਜੂਨ ਨੂੰ ਲੰਡਨ, ਬਰਮਿੰਘਮ, ਗਲਾਸਗੋ ਦੇ ਭਾਰਤੀ ਦੂਤਾਵਾਸਾਂ ਸਾਹਮਣੇ ਰੋਸ ਪ੍ਰਦਰਸ਼ਨ ☛ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦਾ ਜ਼ੋਰਦਾਰ ਸਮਰਥਨ

### ਹਾਈ ਕੋਰਟਾਂ, ਸੁਪਰੀਮ ਕੋਰਟਾਂ ਤਾਂ ਹੁਣ ਬਣ ਕੇ ਰਹਿ ਗਈਆਂ ਹਨ

# ਇਨ੍ਹਾਂ ਸਰਕਾਰਾਂ ਦੇ ਆਪਸੀ ਝਗੜਾ ਨਿਪਟਾਉਣ ਦੀ ਦੁਕਾਨਦਾਰੀ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 20 ਫਰਵਰੀ (ਮਨੋਹਰ ਲਾਲ) :— ਅੱਜ ਦੇਖਣ ਵਿਚ ਆ ਰਿਹਾ ਹੈ ਕਿ ਜਨਤਾ ਦੇ ਆਪਸੀ ਤੇ ਸਰਕਾਰਾਂ ਨਾਲ ਝਗੜਿਆਂ ਨਾਲੋਂ ਇਹ ਵੋਟਾਂ ਦੀ ਰਾਜਨੀਤੀ ਸਦਕਾ ਸਟੇਟ ਸਰਕਾਰਾਂ, ਭਾਰਤ ਸਰਕਾਰ ਜਿਥੇ ਟੇਟਾਂ ਵਿਚ ਭਾਰਤ ਸਰਕਾਰ ਦੀ ਸਰਕਾਰ ਨਾਲੋਂ ਦੂਜੀ ਪਾਰਟੀ ਦੀ ਸਰਕਾਰ ਉਥੇ ਨਿੱਤ ਗਵਰਨਰ ਤੇ ਸਟੇਟ ਦੇ ਮੁਖੀਆਂ ਵਿਚ ਕੋਈ ਨਾ ਕੋਈ ਰੋਜ਼ ਹੀ ਜੁਡੀਸ਼ਨਰੀ ਵਿਚ ਕਰੋੜਾਂ ਰੁਪਏ ਜਨਤਾ ਦੇ ਟੈਕਸ ਰਾਹੀਂ ਹੱਕ ਹਲਾਲ ਦੀ ਕਮਾਈ ਅੰਜਾਈ ਜਾਤੀ ਹਿੱਤਾਂ ਹੈਂਕੜਬਾਜੀ ਜਾਂ ਫਿਰ ਲੋਕ ਹਿੱਤਾਂ ਨਾਲੋਂ ਪਾਰਟੀ ਆਪਣੀਆਂ ਬਨੀਆਂ ਸਰਕਾਰਾਂ ਲੈਣੀ ਮੁਕੱਦਮੇਬਾਜੀ ਤੇ ਪ੍ਰਚਾਰਾਂ ਤੇ ਖਰਚ ਕਰ ਸਿਰਫ 25 ਪ੍ਰਤੀਸ਼ਤ ਧਨ ਲੋਕ ਹਿੱਤਾਂ ਦੇ ਖਰਚ ਉਹ ਵੀ ਵੋਟਾਂ ਦੀ ਰਾਜਨੀਤੀ ਕਿਸੇ ਇਕ ਵਰਗ, ਕੁਨਬੇ ਇਲਾਕੇ ਆਦਿ ਦੀਆਂ ਵੋਟਾਂ ਹਾਸਿਲ ਕਰ ਲਈ ਇਹ ਜਿਹੜੇ ਕੰਮ ਲੋਕ ਭਲਾਈ ਜਨਤਾ ਸਿਹਤ ਸਿੱਖਿਆ ਵਾਤਾਵਰਣ ਦੀ ਸੰਭਾਲ ਰੋਟੀ ਕਪੜਾ, ਮਕਾਨ ਬਨਾਉਣ ਲਈ ਪੈਰਾਂ ਤੇ ਖੜ੍ਹੇ ਕਰ ਦੇਸ਼ ਦੀ ਏਕਤਾ ਅਖੰਡਤਾ ਭਾਈਚਾਰਾ ਚੰਗੇ ਸਮਾਜ ਦੀ ਸਿਰਜਨਾ ਲਈ ਸਰਕਾਰਾਂ ਨੇ ਦੇਣੇ ਬਨਦੇ ਹੁਣ ਉਨ੍ਹਾਂ ਤੋਂ ਲੋਕ 75 ਸਾਲਾਂ ਤੋਂ ਕਈ ਇਲਾਕੇ ਇਥੋਂ ਤੱਕ ਪੀਣ ਵਾਲੇ ਪਾਣੀ ਡਾਕਟਰ ਸਿੱਖਿਆ ਆਵਾਜ਼ਾਈ ਸਵੱਛ ਭਾਰਤ ਦੇ ਨਾਹਰੇ ਹੀ ਨਾਰੇ ਅੱਜ ਵੀ ਕਈ ਇਲਾਕਿਆਂ ਪਾਖਣੇ ਵੀ ਨਹੀਂ ਪਸ਼ੂਆਂ ਵਾਲੀ ਜਿੰਦਗੀ ਜੀਅ ਰਹੇ, ਉਥੇ ਸਰਕਾਰਾਂ ਦੇ ਆਪਸੀ ਝਗੜੇ।

# ਹੰਸਰਾਜ ਹੰਸ 'ਤੇ ਲੱਗੇ ਗੰਭੀਰ ਦੋਸ਼



**ਨਵੀਂ ਦਿੱਲੀ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਗਾਇਕ ਅਤੇ ਭਾਜਪਾ ਦੇ ਦਿੱਲੀ ਤੋਂ ਸੰਸਦ ਮੈਂਬਰ ਹੰਸਰਾਜ ਹੰਸ ਇਨ੍ਹੀਂ ਦਿਨੀਂ ਵਿਵਾਦਾਂ ਨਾਲ ਘਿਰਦੇ ਹੋਏ ਨਜ਼ਰ ਆ ਰਹੇ ਹਨ। ਦਰਅਸਲ, ਅਲਮਸਤ ਬਾਪੂ ਲਾਲ ਬਾਦਸ਼ਾਹ ਦਰਬਾਰ ਨਕੋਦਰ ਦੇ ਗੱਦੀਨਸ਼ੀਨ ਸਾਈਂ ਹੰਸਰਾਜ ਹੰਸ ਅਤੇ ਕਾਬਜ਼ ਪ੍ਰਬੰਧਕ ਕਮੇਟੀ 'ਤੇ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਅਸਲ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਕੁੰਦਨ ਸਾਈਂ, ਆਲ ਪੰਜਾਬ ਟਰੱਕ ਆਪ੍ਰੇਟਰ ਯੂਨੀਅਨ ਦੇ ਸੂਬਾ ਪ੍ਰਧਾਨ ਹੈਪੀ ਸੰਧੂ, ਹਰੀਮਿੱਤਲ ਸੋਧੀ ਸਾਬਕਾ ਐੱਮ. ਸੀ., ਪੁਰਸ਼ੋਤਮ ਲਾਲ ਬਿੱਟੂ, ਟਿੰਮੀ ਗਿੱਲ, ਡਿੰਪਲ ਗਿੱਲ ਅਤੇ ਹੋਰਨਾਂ ਨੇ ਫਰਜ਼ੀ ਬਿੱਲਾਂ ਦੀ ਆੜ 'ਚ ਡੇਰੇ ਦੇ ਫੰਡਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਡੇਰੇ ਦੀ ਜ਼ਮੀਨ ਰਿਸ਼ੀ ਨਗਰ ਦੀ ਹੈ ਤੇ ਉਹ ਲੋਕ ਡੇਰੇ ਦੀ ਪਿਛਲੇ 20 ਸਾਲਾਂ ਤੋਂ ਸੇਵਾ ਕਰਦੇ ਆ ਰਹੇ ਹਨ। ਜਾਣੋ ਆਖਿਰ ਕੀ ਹੈ ਪੂਰਾ ਮਾਮਲਾ ... ਉਨ੍ਹਾਂ ਖੁਲਾਸਾ ਕਰਦੇ ਹੋਏ ਕਿਹਾ ਕਿ ਦਰਬਾਰ ਵਿੱਚ ਲਾਉਣ ਲਈ 14,18,350 ਰੁਪਏ ਦਾ ਮਾਰਬਲ ਟਰੱਕ ਨੰਬਰ ਆਰ ਜੇ 47 ਜੀ ਏ-0289 ਜ਼ਰੀਏ ਨਕੋਦਰ ਭੇਜਿਆ ਗਿਆ ਪਰ 24 ਮਈ 2023 ਨੂੰ ਨਿਊ ਰਾਜਸਥਾਨ ਮਾਰਬਲ ਨਕੋਦਰ ਨੇ ਉਸੇ ਮਾਰਬਲ ਦਾ 23,13,980 ਰੁਪਏ ਦਾ ਬਿੱਲ ਦੇ ਕੇ ਸਿੱਧੇ ਤੌਰ 'ਤੇ ਲਗਭਗ 9 ਲੱਖ ਰੁਪਏ ਦੀ ਠੱਗੀ ਕੀਤੀ ਹੈ। ਇਸੇ ਤਰ੍ਹਾਂ 31 ਜੁਲਾਈ 2023 ਨੌਹਰੀਆਂ ਰਾਮ ਧੀਰ ਜਿਊਲਰਜ਼ ਤੋਂ 2 ਬਿੱਲਾਂ ਜ਼ਰੀਏ 3,53,034 ਰੁਪਏ ਕੀਮਤ ਦਾ ਇਕ ਸੋਨੇ ਦਾ ਬ੍ਰੈਸਲੇਟ ਅਤੇ 52,689 ਰੁਪਏ ਦੇ ਸਾਮਾਨ ਦੀ ਖਰੀਦ ਤੋਂ ਇਲਾਵਾ ਇਕ ਹੋਰ ਜਿਊਲਰਜ਼ ਤੋਂ 4,42,900 ਰੁਪਏ ਦਾ ਸੋਨਾ ਖਰੀਦਿਆ ਗਿਆ। ਉਨ੍ਹਾਂ ਅੱਗੇ ਗੱਲ ਕਰਦੇ ਹੋਏ ਦੋਸ਼ ਲਗਾਇਆ ਕਿ ਕਮੇਟੀ ਦੇ ਮੈਂਬਰਾਂ ਨੇ ਸਾਲਾਨਾ ਮੇਲੇ ਦੌਰਾਨ ਬ੍ਰੈਸਲੇਟ ਹੰਸਰਾਜ ਹੰਸ ਨੂੰ ਪਹਿਨਾਇਆ ਸੀ, ਪਰ ਬਾਕੀ ਸੋਨਾ ਕਿਸ ਨੂੰ ਦਿੱਤਾ ਗਿਆ, ਇਸ ਬਾਰੇ ਕੁਝ ਵੀ ਪਤਾ ਨਹੀਂ ਲੱਗਾ। ਇਸ ਤੋਂ ਇਲਾਵਾ, ਡੇਰੇ ਦੇ ਖਰਚੇ 'ਤੇ ਹੋਟਲ 'ਚ ਕਮਰਾ ਬੁੱਕ ਕਰਵਾਉਣ ਦੇ ਬਿੱਲਾਂ ਵਿਚ ਵੀ ਫਰਜ਼ੀਵਾੜਾ ਸਾਹਮਣੇ ਆਇਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਹੋਟਲ ਦੇ ਰਿਕਾਰਡ ਵਿੱਚ ਕਮਰਾ ਬੁੱਕ ਕਰਵਾਉਣ ਵਾਲੀ ਕੰਪਨੀ ਅਤੇ ਗੈਸਟ ਦੋਵਾਂ ਦਾ ਨਾਂ ਅਲਮਸਤ ਬਾਪੂ ਲਾਲ ਬਾਦਸ਼ਾਹ ਦਰਬਾਰ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੰਸਰਾਜ ਹੰਸ ਸਾਲ 2008 ਵਿਚ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨੂੰ ਕਮੇਟੀ ਵਿਚ ਸ਼ਾਮਲ ਕਰਨ ਦੀ ਬੇਨਤੀ ਕਰਦਿਆਂ ਡੇਰੇ ਨੂੰ ਬੁਲੰਦੀਆਂ 'ਤੇ ਲਿਜਾਣ ਦਾ ਭਰੋਸਾ ਦਿੱਤਾ ਪਰ ਅੱਜ ਤਕ ਹੰਸਰਾਜ ਹੰਸ ਨੇ ਡੇਰੇ ਦੇ ਵਿਕਾਸ ਵਿਚ ਆਪਣੇ ਵੱਲੋਂ ਇਕ ਪੈਸਾ ਵੀ ਨਹੀਂ ਲਗਾਇਆ। ਇਸ ਦੌਰਾਨ ਉਕਤ ਲੋਕਾਂ ਨੇ ਮੰਗ ਕੀਤੀ ਕਿ ਇਸ ਸਭ ਲਈ ਸੰਸਦ ਮੈਂਬਰ ਹੰਸਰਾਜ ਹੰਸ ਅਤੇ ਵਿਧਾਇਕਾ ਇੰਦਰਜੀਤ ਕੌਰ ਮਾਨ ਜ਼ਿੰਮੇਵਾਰ ਹਨ। ਉਨ੍ਹਾਂ ਆਪਣੀ ਗੱਲ ਰੱਖਦੇ ਹੋਏ ਇਹ ਵੀ ਕਿਹਾ ਕਿ ਲੱਖਾਂ ਰੁਪਏ ਦੀ ਹੇਰਾਫੇਰੀ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਮੁਲਜ਼ਮਾਂ ਖ਼ਿਲਾਫ਼ ਉਚਿਤ ਕਾਰਵਾਈ ਕੀਤੀ ਜਾਵੇ।


ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

# ਭਾਰਤ ਨੂੰ ਝਟਕਾ, ਪਾਸਪੋਰਟ ਹੋਇਆ ਕਮਜ਼ੋਰ ਹੁਣ ਇੰਨੇ ਦੇਸ਼ਾਂ 'ਚ ਹੀ ਕਰ ਸਕੋਗੇ ਵੀਜ਼ਾ ਮੁਕਤ ਸਫ਼ਰ



**ਨਵੀਂ ਦਿੱਲੀ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਪਾਸਪੋਰਟਾਂ ਦੀ ਤਾਕਤ ਇਸ ਆਧਾਰ 'ਤੇ ਮਾਪੀ ਜਾਂਦਾ ਹੈ ਕਿ ਕਿੰਨੇ ਦੇਸ਼ ਇਸ 'ਤੇ ਵੀਜ਼ਾ-ਮੁਕਤ ਦਾਖਲਾ ਪ੍ਰਦਾਨ ਕਰਦੇ ਹਨ। ਇਸ ਪੈਮਾਨੇ 'ਤੇ ਹੈਨਲੇ ਪਾਸਪੋਰਟ ਇੰਡੈਕਸ ਜਾਰੀ ਕੀਤਾ ਜਾਂਦਾ ਹੈ। ਦੂਜੀ ਤਿਮਾਹੀ ਲਈ ਜਾਰੀ ਕੀਤੇ ਗਏ ਹੈਨਲੇ ਪਾਸਪੋਰਟ ਇੰਡੈਕਸ 2024 'ਚ ਭਾਰਤ ਹੁਣ 80ਵੇਂ ਸਥਾਨ ਤੋਂ ਡਿੱਗ ਕੇ 85ਵੇਂ ਸਥਾਨ 'ਤੇ ਆ ਗਿਆ ਹੈ। ਭਾਰਤੀ ਪਾਸਪੋਰਟ ਧਾਰਕ ਭਾਵ ਭਾਰਤ ਦੇ ਲੋਕ 62 ਦੇਸ਼ਾਂ ਵਿੱਚ ਵੀਜ਼ਾ ਮੁਕਤ ਯਾਤਰਾ ਕਰ ਸਕਦੇ ਹਨ। ਇਹਨਾਂ ਦੇਸ਼ਾਂ ਵਿੱਚ ਭੂਟਾਨ, ਬ੍ਰਿਟਿਸ਼ ਵਰਜਿਨ ਆਈਲੈਂਡ, ਬਾਰਬਾਡੋਸ, ਥਾਈਲੈਂਡ, ਜਾਰਡਨ, ਮਲੇਸ਼ੀਆ, ਮਾਲਦੀਵ, ਸ਼੍ਰੀਲੰਕਾ, ਮਾਰੀਸ਼ਸ ਅਤੇ ਇੰਡੋਨੇਸ਼ੀਆ ਆਦਿ ਸ਼ਾਮਲ ਹਨ। ਹੈਨਲੇ ਪਾਸਪੋਰਟ ਇੰਡੈਕਸ ਦੇ ਅਨੁਸਾਰ, ਭਾਰਤੀ ਪਾਸਪੋਰਟ ਸਾਲ 2022 ਵਿੱਚ 87ਵੇਂ ਸਥਾਨ 'ਤੇ ਸੀ। ਇਸ ਤੋਂ ਬਾਅਦ ਹੈਨਲੇ ਪਾਸਪੋਰਟ ਇੰਡੈਕਸ 2023 'ਚ ਭਾਰਤੀ ਪਾਸਪੋਰਟ ਦੀ ਤਾਕਤ ਵਧੀ ਅਤੇ ਇਹ 80ਵੇਂ ਸਥਾਨ 'ਤੇ ਪਹੁੰਚ ਗਿਆ। ਜਨਵਰੀ ਵਿੱਚ ਜਾਰੀ ਹੇਨਲੇ ਪਾਸਪੋਰਟ ਸੂਚਕਾਂਕ 2024 ਵਿੱਚ ਵੀ ਭਾਰਤ 80ਵੇਂ ਸਥਾਨ 'ਤੇ ਸੀ। ਹਾਲਾਂਕਿ, ਹੁਣ ਇਹ ਪਾਸਪੋਰਟ ਸੂਚਕਾਂਕ 2024 ਤਿਮਾਹੀ-2 ਵਿੱਚ 85ਵੇਂ ਸਥਾਨ 'ਤੇ ਆ ਗਿਆ ਹੈ।

**ਇਨ੍ਹਾਂ ਦੇਸ਼ਾਂ ਦੇ ਪਾਸਪੋਰਟ ਸਭ ਤੋਂ ਮਜ਼ਬੂਤ :** ਸਭ ਤੋਂ ਤਾਕਤਵਰ ਪਾਸਪੋਰਟਾਂ ਦੀ ਗੱਲ ਕਰੀਏ ਤਾਂ ਹੈਨਲੇ ਪਾਸਪੋਰਟ ਇੰਡੈਕਸ ਮੁਤਾਬਕ ਫਰਾਂਸ, ਜਰਮਨੀ, ਇਟਲੀ, ਜਾਪਾਨ, ਸਿੰਗਾਪੁਰ ਅਤੇ ਸਪੇਨ ਸਭ ਤੋਂ ਉੱਪਰ ਹਨ। ਇਨ੍ਹਾਂ ਦੇਸ਼ਾਂ ਦੇ ਪਾਸਪੋਰਟ ਧਾਰਕ ਬਿਨਾਂ ਵੀਜ਼ਾ 194 ਦੇਸ਼ਾਂ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਤੋਂ ਬਾਅਦ ਫਿਨਲੈਂਡ, ਨੀਦਰਲੈਂਡ, ਸਵੀਡਨ ਅਤੇ ਦੱਖਣੀ ਕੋਰੀਆ 193 ਦੇਸ਼ਾਂ ਤੱਕ ਵੀਜ਼ਾ-ਮੁਕਤ ਸਫ਼ਰ ਕਰ ਸਕਦੇ ਹਨ। ਆਸਟਰੀਆ, ਡੈਨਮਾਰਕ, ਆਇਰਲੈਂਡ, ਯੂਕੇ ਅਤੇ ਲਕਸਮਬਰਗ ਦੇ ਪਾਸਪੋਰਟ 192 ਦੇਸ਼ਾਂ ਵਿੱਚ ਵੀਜ਼ਾ-ਮੁਕਤ ਯਾਤਰਾ ਕਰ ਸਕਦੇ ਹਨ।

**ਇਨ੍ਹਾਂ ਦੇਸ਼ਾਂ ਦੇ ਪਾਸਪੋਰਟ ਸਭ ਤੋਂ ਕਮਜ਼ੋਰ :** ਸਭ ਤੋਂ ਕਮਜ਼ੋਰ ਪਾਸਪੋਰਟ ਡੋਮਿਨਿਕਾ, ਹੈਤੀ, ਮਾਈਕ੍ਰੋਨੇਸ਼ੀਆ, ਕਤਰ, ਸੇਂਟ ਵਿਨਸੈਂਟ, ਤ੍ਰਿਨੀਦਾਦ ਅਤੇ ਟੋਬੈਗੋ ਅਤੇ ਵੈਨੂਆਟੂ ਵਰਗੇ ਦੇਸ਼ਾਂ ਦੇ ਹਨ। ਇਰਾਕ, ਸੀਰੀਆ ਅਤੇ ਅਫਗਾਨਿਸਤਾਨ ਦੇ ਪਾਸਪੋਰਟ ਵੀ ਹੈਨਲੀ ਪਾਸਪੋਰਟ ਸੂਚਕਾਂਕ 'ਤੇ ਨੀਵੇਂ ਸਥਾਨ 'ਤੇ ਹਨ। ਗੁਆਂਢੀ ਦੇਸ਼ ਪਾਕਿਸਤਾਨ ਦਾ ਪਾਸਪੋਰਟ ਦੁਨੀਆ ਦਾ ਚੌਥਾ ਸਭ ਤੋਂ ਕਮਜ਼ੋਰ ਪਾਸਪੋਰਟ ਹੈ।

# ਰਿਟਾਇਰਡ ਟੀਚਰਜ਼ ਤੇ ਹੋਰ ਪੈਨਸ਼ਨਰਜ਼. ਵੈਲਫੇਅਰ ਐਸੋਸੀਏਸ਼ਨ 24 ਨੂੰ ਅਨਿਲ ਬਾਗੀ ਹਸਪਤਾਲ ਦੇ ਸਹਿਯੋਗ ਨਾਲ ਲਾਵੇਗੀ ਮੈਡੀਕਲ ਕੈਂਪ

ਫ਼ਿਰੋਜ਼ਪੁਰ, 20 ਫਰਵਰੀ (ਮਨੋਹਰ ਲਾਲ) :— ਰਿਟਾਇਰਡ ਟੀਚਰ ਤੇ ਹੋਰ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਿਰੋਜ਼ਪੁਰ ਦੀ ਵਿਸ਼ੇਸ਼ ਮੀਟਿੰਗ ਕੇ.ਕੇ ਜੈਦਕਾ ਦੀ ਪ੍ਰਧਾਨਗੀ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਚੁੰਗੀ ਖਾਨਾ ਰੋਡ ਲੜਕੀਆਂ ਫ਼ਿਰੋਜ਼ਪੁਰ ਸ਼ਹਿਰ ਵਿਖੇ ਹੋਈ। ਇਸ ਮੀਟਿੰਗ ਦੀ ਅਗਵਾਈ ਰਮੇਸ਼ ਕੁਮਾਰ ਗਰੋਵਰ ਜਨਰਲ ਸਕੱਤਰ ਅਤੇ ਦੀਵਾਨ ਚੰਦ ਸੁਖੀਜਾ ਜੁਆਇੰਟ ਸਕੱਤਰ ਨੇ ਸਾਂਝੇ ਤੌਰ ਤੇ ਕਰਦਿਆਂ ਪੈਨਸ਼ਨਰਜ਼ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦਾ ਵਿਸਥਾਰਪੂਰਵਕ ਜਿਕਰ ਕੀਤਾ। ਇਸ ਮੌਕੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਰਿਟਾਇਰਡ ਟੀਚਰ ਤੇ ਹੋਰ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਅਨਿਲ ਬਾਗੀ ਹਸਪਤਾਲ ਵੱਲੋਂ ਮੁਫਤ ਮੈਡੀਕਲ ਕੈਂਪ 24 ਫਰਵਰੀ ਦਿਨ ਸ਼ਨੀਚਰਵਾਰ ਸਵੇਰੇ 11 ਵਜੇ ਤੋਂ 2 ਵਜੇ ਤੱਕ ਸਰਕਾਰੀ ਪ੍ਰਾਇਮਰੀ ਸਕੂਲ ਚੁੰਗੀ ਖਾਨਾ ਰੋਡ ਫ਼ਿਰੋਜ਼ਪੁਰ ਸ਼ਹਿਰ ਵਿਖੇ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿਚ ਡਾ: ਤਜਿੰਦਰ ਭੱਲਾ ਐਮ.ਬੀ.ਬੀ.ਐਸ (ਆਰਥੋ) ਤੇ ਡਾ: ਰੂਪਕ ਕੁਮਾਰ ਸਾਹ ਐਮ.ਬੀ.ਬੀ.ਐਸ (ਡਿਪਾਰੋਟੀ) ਅਨਿਲ ਬਾਗੀ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਮੁਫਤ ਚੈਕਅਪ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮਰੀਜਾਂ ਨੂੰ ਮੁਫਤ ਦਵਾਈਆਂ, ਮੁਫਤ ਬਲੱਡ ਪ੍ਰੈਸ਼ਰ, ਬਲੱਗ ਸ਼ੂਗਰ ਦੇ ਟੈਸਟ ਕੀਤੇ ਜਾਣਗੇ, ਮਰੀਜ ਆਪਣੇ ਪੁਰਾਣੇ ਐਕਸਰੇ ਅਤੇ ਮੈਡੀਕਲ ਰਿਪੋਰਟਾਂ ਨਾਲ ਲੈ ਕੇ ਆਉਣ ਤਾਂ ਜੋ ਉਨ੍ਹਾਂ ਦਾ ਇਲਾਜ ਸਹੀ ਢੰਗ ਨਾਲ ਹੋ ਸਕੇ। ਇਸ ਮੌਕੇ ਰਮੇਸ਼ ਗੋਇਲ, ਓਮ ਪ੍ਰਕਾਸ਼ ਗਰੋਵਰ, ਰਾਜਿੰਦਰ ਗੁਪਤਾ, ਬ੍ਰਿਜ ਭੂਸ਼ਣਨ ਧਵਨ, ਓਮ ਪ੍ਰਕਾਸ਼ ਬਜਾਜ, ਸ੍ਰੀਮਤੀ ਸਵਦੇਸ਼ ਕੁਮਾਰੀ, ਬਲਵਿੰਦਰਪਾਲ ਸ਼ਰਮਾ ਆਦਿ ਹਾਜ਼ਰ ਸਨ।

## " ਧੰਨ ਗੁਰੂ ਰਵਿਦਾਸ ਜੀ " ਧਾਰਮਿਕ ਸ਼ਬਦ ਦੇ ਨਾਲ ਗਾਇਕ ਅਮਰੀਕ ਮਾਇਕਲ ਨੇ

# ਰਿਲੀਜ਼ ਕੀਤਾ ਸਤਿਗੁਰੂ ਰਵਿਦਾਸ ਧਾਮ ਬੂਟਾ ਮੰਡੀ ਜਲੰਧਰ



**ਜਲੰਧਰ/ਨਕੋਦਰ/ਮਹਿਤਪੁਰ, (ਹਰਜਿੰਦਰ ਪਾਲ ਛਾਬੜਾ)**-ਜੈ ਗੁਰੂਦੇਵ ਧੰਨ ਗੁਰੂਦੇਵ ਜੀ। ਪੰਜਾਬੀ ਲੋਕ ਗਾਇਕ ਅਮਰੀਕ ਮਾਇਕਲ ਨੇ ਦਸਿਆ ਬੀਤੀ ਰਾਤ ਸਤਿਗੁਰੂ ਰਵੀਦਾਸ ਧਾਮ ਬੂਟਾ ਮੰਡੀ ਜਲੰਧਰ ਨਵਾ ਸ਼ਬਦ ਧੰਨ ਗੁਰੂ ਰਵੀਦਾਸ ਜੀ ਰਿਲੀਜ਼ ਕੀਤਾ ਗਿਆ। ਇਸ ਸ਼ਬਦ ਨੂੰ ਕਲਮਬੱਧ ਕੀਤਾ ਲਾਲੀ ਸਭਰਾ ਜੀ ਸੰਗੀਤ ਤਿਆਰ ਕੀਤਾ ਗਿਆ ਹਰਿ ਅਮਿਤ ਵਲੋਂ। ਮਿਕਸ ਕੀਤਾ ਗਿਆ ਰਵੀ ਚੌਹਾਨ ਵਲੋਂ। ਡਬਿੰਗ ਕੀਤੀ ਗਈ ਸਾਹਿਲ ਚੌਹਾਨ ਵਲੋ। ਸ਼ਬਦ ਦਾ ਪੋਸਟਰ ਤਿਆਰ ਕੀਤਾ ਗਿਆ ਜੱਸੀ ਆਰਟਸ ਵਲੋ। ਵੀਡਿਓ ਤਿਆਰ ਕਰਨ ਲਈ ਕੈਮਰਾ ਚਲਾਇਆ ਗਿਆ ਜੀਵਨ ਹੀਰ ਵਲੋ ਤੇ ਸ਼ਬਦ ਨੂੰ ਐਡਿਟ ਕੀਤਾ ਗਿਆ ਮੋਹਿਤ ਵਰਮਾ ਜੀ ਵਲੋ। ਤੇ ਸ਼ਬਦ ਦੇ ਵਿੱਚ ਮਹਿਲਾ ਕੋਰਸ ਆਵਾਜ਼ ਦਿੱਤੀ ਗਈ ਸੁਨੀਤਾ ਭੱਟੀ ਵਲੋ। ਯੂਟਿਊਬ, ਸੋਸ਼ਲ ਸਾਈਟਾਂ ਤੇ ਹੋਰ ਗੁਰੂ ਜੀ ਨੂੰ ਮੰਨਣ ਵਾਲੀ ਸਾਧ ਸੰਗਤ ਸ਼ਬਦ ਨੂੰ ਬਹੁਤ ਪਿਆਰ ਦੇ ਰਹੀ ਹੈ। ਬਹੁਤ ਜਿਆਦਾ ਪਸੰਦ ਕਰ ਰਹੇ ਤੇ ਬਹੁਤ ਅਸ਼ੀਰਵਾਦ ਦੇ ਰਹੇ ਹਨ। ਸਤਿਗੁਰੂ ਰਵੀਦਾਸ ਧਾਮ ਬੂਟਾ ਮੰਡੀ ਜਲੰਧਰ ਦੇ ਮੁੱਖ ਸੇਵਾਦਾਰ ਸਵਾਮੀ ਬਲਰਾਮ ਰਾਇ ਵਿਰਦੀ ਜੀ,ਪ੍ਰਧਾਨ ਹਰਦਿਆਲ ਜੀ ਅਤੇ ਟਰੱਸਟ ਦੇ ਜਿੰਨੇ ਵੀ ਮੈਂਬਰ ਸ਼ਬਦ ਦੇ ਰਿਲੀਜ਼ ਲਈ ਸ਼ਾਮਿਲ ਹੋਏ ਬਹੁਤ ਜਿਆਦਾ ਧੰਨਵਾਦ। ਪ੍ਰਧਾਨ ਜੀ ਵਲੋ ਹੱਥ ਜੋੜ ਕੇ ਬੇਨਤੀ ਕੀਤੀ ਗਈ ਕੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਵਿਚ ਜਿੰਨੇ ਵੀ ਸ਼ਬਦ ਰਿਕਾਰਡ ਕਰਨੇ ਜਾਂ ਰਿਲੀਜ਼ ਕਰਨੇ ਹੋਣ ਤਾਂ ਸਾਰੇ ਕਲਾਕਾਰ ਇਸ ਗਲ ਦਾ ਜ਼ਰੂਰ ਧਿਆਨ ਰੱਖਣ ਕੇ ਤੁਹਾਡੇ ਸ਼ਬਦ ਦੇ ਵਿੱਚ ਹਰ ਧਰਮ ਦਾ ਸਤਿਕਾਰ ਹੋਣ ਚਾਹੀਦਾ ਹੈ। ਕਿਉਂਕਿ ਜਗਤ ਪਿਤਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਬ ਨੂੰ ਸਤਿਕਾਰ ਦਿਤਾ ਤੇ ਸਾਨੂੰ ਵੀ ਓਹਨਾ ਦੇ ਉਦੇਸ਼ਾਂ ਉੱਤੇ ਅਮਲ ਕਰਨਾ ਚਾਹੀਦਾ ਹੈ।ਪੰਜਾਬੀ ਲੋਕ ਗਾਇਕ ਅਮਰੀਕ ਮਾਇਕਲ ਨੇ ਸਤਿਗੁਰੁ ਰਵੀਦਾਸ ਧਾਮ ਦੇ ਟਰੱਸਟ ਦੇ ਮੈਂਬਰਾਂ, ਸਵਾਮੀ ਜੀ ਤੇ ਪ੍ਰਧਾਨ ਜੀ ਦਾ ਬਹੁਤ ਧੰਨਵਾਦ ਕੀਤਾ। ਤੇ ਸਾਧ ਸੰਗਤ ਨੂੰ ਹੀ ਬੇਨਤੀ ਕੀਤੀ ਕੇ ਨਵੇਂ ਸ਼ਬਦ ਨੂੰ ਵਧ ਤੋਂ ਵਧ ਪਿਆਰ ਦਵੋ।

## ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨਰੀ ਅਦਾਰਿਆਂ 'ਚ ਪੜ੍ਹੇ

# 37 ਸਿੱਖ ਨੌਜਵਾਨਾਂ ਨੂੰ ਦਿੱਤੇ ਗਏ ਨਿਯੁਕਤੀ ਪੱਤਰ



**ਅੰਮ੍ਰਿਤਸਰ, 20 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਸਿੱਖ ਮਿਸ਼ਨਰੀ ਅਦਾਰਿਆਂ ਤੋਂ ਗੁਰਸਿੱਖੀ ਦੀ ਵਿੱਦਿਆ ਪ੍ਰਾਪਤ ਕਰਨ ਵਾਲੇ 37 ਸਿੱਖ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦੇ ਕੇ ਸਿੱਖੀ ਪ੍ਰਚਾਰ ਅਤੇ ਗੁਰਦੁਆਰਾ ਪ੍ਰਬੰਧ ਦੀਆਂ ਸੇਵਾਵਾਂ ਲਈ ਤੋਰਿਆ ਹੈ। ਇਨ੍ਹਾਂ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਦਿੱਤੇ ਗਏ।

ਇਹ ਸਿੱਖ ਨੌਜਵਾਨ ਪਿਛਲੇ ਲਗਭਗ ਇੱਕ ਸਾਲ ਤੋਂ ਸ਼੍ਰੋਮਣੀ ਕਮੇਟੀ ਨਾਲ ਵਲੰਟੀਅਰ ਵਜੋਂ ਸੇਵਾਵਾਂ ਨਿਭਾਉਂਦੇ ਹੋਏ ਵੱਖ-ਵੱਖ ਖੇਤਰਾਂ ਵਿੱਚ ਸਿੱਖੀ ਪ੍ਰਚਾਰ ਦਾ ਕਾਰਜ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਸ਼੍ਰੋਮਣੀ ਕਮੇਟੀ ਨੇ ਆਪਣੇ ਸਿੱਖ ਮਿਸ਼ਨਰੀ ਅਦਾਰਿਆਂ ਤੋਂ ਵਿੱਦਿਆ ਪ੍ਰਾਪਤ ਕਰਨ ਵਾਲੇ ਸਿੱਖ ਨੌਜਵਾਨਾਂ ਨੂੰ ਸਿੱਖੀ ਪ੍ਰਚਾਰ ਲਈ ਵਲੰਟੀਅਰ ਵਜੋਂ ਸੇਵਾਵਾਂ ਦੇਣ ਦਾ ਮੌਕਾ ਦਿੱਤਾ ਸੀ। ਹੁਣ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਿੱਖ ਵਲੰਟੀਅਰਾਂ ਵਿੱਚੋਂ 37 ਨੌਜਵਾਨਾਂ ਦੀ ਕਾਰਜ ਸ਼ਕਤੀ ਤੇ ਸੇਵਾ ਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਗੇ ਸੇਵਾਵਾਂ ਦਾ ਮੌਕਾ ਦਿੱਤਾ ਹੈ। ਇਨ੍ਹਾਂ 37 ਨੌਜਵਾਨਾਂ ਦੀ ਨਿਯੁਕਤੀਆਂ ਕਲਰਕ ਗੁਰਦੁਆਰਾ ਪ੍ਰਬੰਧਨ (6), ਜੋੜੀਵਾਲੇ (11), ਸਹਾਇਕ ਰਾਗੀ ਸਿੰਘ (18) ਅਤੇ ਸਹਾਇਕ ਗ੍ਰੰਥੀ ਸਿੰਘ (2) ਵਜੋਂ ਕੀਤੀਆਂ ਗਈਆਂ ਹਨ।

ਇਹ ਵੀ ਦੱਸਣਯੋਗ ਹੈ ਕਿ ਸਿੱਖ ਨੌਜਵਾਨੀ ਨੂੰ ਧਰਮ ਪ੍ਰਚਾਰ ਦੇ ਖੇਤਰ ਵਿੱਚ ਕਾਰਜ ਕਰਨ ਲਈ ਤਿਆਰ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਕਈ ਸਿੱਖ ਮਿਸ਼ਨਰੀ ਕਾਲਜ, ਗੁਰਮਤਿ ਵਿਦਿਆਲੇ, ਗੁਰਮਤਿ ਸੰਗੀਤ ਅਕੈਡਮੀਆਂ ਅਤੇ ਗੁਰਦੁਆਰਾ ਪ੍ਰਬੰਧਨ ਨਾਲ ਸਬੰਧਤ ਇੰਸਟੀਟਿਊਟ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਸਿੱਖਿਆ ਲੈ ਕੇ ਨੌਜਵਾਨ ਦੇਸ਼ ਵਿਦੇਸ਼ ਅੰਦਰ ਸੇਵਾਵਾਂ ਨਿਭਾਉਂਦੇ ਹਨ।

**ਨੌਕਰੀ ਸਮਝਕੇ ਨਹੀਂ ਸਗੋਂ ਸੇਵਾ ਭਾਵ, ਭੈਅ ਭਾਵਨੀ 'ਚ ਰਹਿ ਕੇ ਕਾਰਜ ਕਰਨ ਸਿੱਖ ਨੌਜਵਾਨ- ਐਡਵੋਕੇਟ ਹਰਜਿੰਦਰ ਸਿੰਘ ਧਾਮੀ**

ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਪੰਥਕ ਭਾਵਨਾ ਨਾਲ ਗੁਰਦੁਆਰਾ ਪ੍ਰਬੰਧ ਕਰਨ ਦੇ ਨਾਲ-ਨਾਲ ਸਿੱਖੀ ਪ੍ਰਚਾਰ ਲਈ ਵੀ ਵੱਡੇ ਕਾਰਜ ਕਰ ਰਹੀ ਹੈ। ਇਸ ਖੇਤਰ ਵਿੱਚ ਲੋੜ ਦੀ ਪੂਰਤੀ ਲਈ ਕਈ ਸਿੱਖ ਸੰਸਥਾਵਾਂ ਕਾਰਜਸ਼ੀਲ ਕੀਤੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜਿਹੜੇ ਸਿੱਖ ਨੌਜਵਾਨ ਇਨ੍ਹਾਂ ਧਾਰਮਿਕ ਸੰਸਥਾਵਾਂ ਵਿੱਚੋਂ ਸਫ਼ਲ ਕੋਰਸ ਕਰਦੇ ਹਨ ਉਨ੍ਹਾਂ ਨੂੰ ਪਹਿਲ ਦੇ ਅਧਾਰ ਉੱਤੇ ਸ਼੍ਰੋਮਣੀ ਕਮੇਟੀ ਵਿੱਚ ਸੇਵਾ ਦਾ ਮੌਕਾ ਦਿੱਤਾ ਜਾਂਦਾ ਹੈ।

ਸਿੱਖ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦੇਣ ਮੌਕੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਆਸ ਪ੍ਰਗਟਾਈ ਕਿ ਉਹ ਸੰਸਥਾ ਵੱਲੋਂ ਦਿੱਤੀ ਗਈ ਸੇਵਾ ਨੂੰ ਨੌਕਰੀ ਸਮਝ ਕੇ ਨਹੀਂ ਸਗੋਂ ਸੇਵਾ ਭਾਵ ਅਤੇ ਗੁਰੂ ਸਾਹਿਬ ਦੀ ਭੈਅ ਭਾਵਨੀ ਵਿੱਚ ਰਹਿੰਦਿਆਂ ਇਮਾਨਦਾਰੀ ਨਾਲ ਸੇਵਾ ਸਮਝ ਕੇ ਕਾਰਜ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਸ ਕਰਦੇ ਹਨ ਕਿ ਨੌਜਵਾਨ ਦੇਸ਼ ਕੌਮ ਲਈ ਅਤੇ ਸ਼੍ਰੋਮਣੀ ਕਮੇਟੀ ਲਈ ਆਪਣੀ ਵਫ਼ਾਦਾਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਵਲੰਟੀਅਰਾਂ ਦੀ ਸੇਵਾ ਨਿਭਾ ਰਹੇ 30 ਸਿੱਖ ਨੌਜਵਾਨਾਂ ਨੂੰ ਪ੍ਰਚਾਰਕ ਵਜੋਂ ਨਿਯੁਕਤ ਕਰਕੇ ਵੱਖ-ਵੱਖ ਇਲਾਕਿਆਂ ਵਿੱਚ ਸੇਵਾ ਲਈ ਭੇਜਿਆ ਗਿਆ ਹੈ।

ਇਸ ਮੌਕੇ ਐਡਵੋਕੇਟ ਧਾਮੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲਾ, ਸਕੱਤਰ ਸ. ਪ੍ਰਤਾਪ ਸਿੰਘ, ਓਐੱਸਡੀ ਸ. ਸਤਬੀਰ ਸਿੰਘ ਧਾਮੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਬੀਰ ਸਿੰਘ ਜੱਸੀ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਇੰਚਾਰਜ ਸ. ਮੇਜਰ ਸਿੰਘ, ਸ. ਪਲਵਿੰਦਰ ਸਿੰਘ ਆਦਿ ਹਾਜ਼ਰ ਸਨ।

# 'ਇਸ਼ਤਿਹਾਰ ਨਾਲ ਹੋ ਰਹੀ ਗੁਰਬਾਣੀ ਦੀ ਬੇਅਦਬੀ, ਸ਼੍ਰੋਮਣੀ ਕਮੇਟੀ ਗੁਰਬਾਣੀ ਪ੍ਰਸਾਰਣ ਦੌਰਾਨ ਚੱਲ ਰਹੇ ਇਸ਼ਤਿਹਾਰ ਨੂੰ ਕਰੇ ਬੰਦ'




**ਅੰਮ੍ਰਿਤਸਰ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਮੀਤ ਪ੍ਰਧਾਨ ਜਸਟਿਸ ਨਿਰਮਲ ਸਿੰਘ (ਸੇਵਾ ਮੁਕਤ) ਨੇ ਕਿਹਾ ਕਿ ਪੀ ਟੀ ਸੀ ਸਿਮਰਨ ਚੈਨਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਵਲੋ ਗੁਰਬਾਣੀ ਪ੍ਰਸਾਰਣ ਦੌਰਾਨ ਚਲਾਏ ਜਾ ਰਹੇ ਇਸ਼ਤਿਹਾਰ ਨਾਲ ਸਰੇਆਮ ਗੁਰਬਾਣੀ ਦੀ ਬੇਅਦਬੀ ਕੀਤੀ ਜਾ ਰਹੀ ਹੈ। ਜਸਟਿਸ ਨਿਰਮਲ ਸਿੰਘ ਨੇ ਐਸ ਜੀ ਪੀ ਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇਸ ਮਾਮਲੇ ਵਿਚ ਖੁਦ ਦਖਲ ਦੇਣ ਦੀ ਮੰਗ ਕਰਦਿਆਂ ਗੁਰਬਾਣੀ ਪ੍ਰਸਾਰਣ ਦੌਰਾਨ ਇਸ਼ਤਿਹਾਰ ਨੂੰ ਬੰਦ ਕਰਨ ਦੀ ਅਪੀਲ ਕੀਤੀ ਹੈ। ਜਸਟਿਸ ਨਿਰਮਲ ਸਿੰਘ ਨੇ ਕਿਹਾ ਕਿ ਪੀ ਟੀ ਸੀ ਸਿਮਰਨ ਚੈਨਲ ਤੇ ਸ਼ਾਮ ਦੇ ਸਮੇਂ ਗੁਰਬਾਣੀ ਦਾ ਪ੍ਰਸਾਰਣ ਕੀਤਾ ਜਾਂਦਾ ਹੈ। ਪ੍ਰਸਾਰਣ ਦੌਰਾਨ ਚੈਨਲ ਤੇ ਇਕ ਪੱਟੀ ਤੇ ਗੁਰਬਾਣੀ ਦੇ ਸ਼ਬਦ ਲਿਖਤ ਰੂਪ ਵਿਚ ਆਉਂਦੇ ਹਨ ਅਤੇ ਉਸ ਦੇ ਉਪਰ ਹੀ ਇਸ਼ਤਿਹਾਰ ਦੀ ਵੀ ਇਕ ਪੱਟੀ ਚੱਲਦੀ ਹੈ। ਜਿਸ ਨਾਲ ਲਿਖਤ ਸ਼ਬਦ ਪੂਰੀ ਤਰ੍ਹਾਂ ਵਿਖਾਈ ਨਹੀ ਦਿੰਦੇ ਹਨ ।ਇਸ ਨਾਲ ਜਿੱਥੇ ਗੁਰਬਾਣੀ ਸੁਣ ਰਹੇ ਵਿਅਕਤੀ ਦਾ ਧਿਆਨ ਹੋਰ ਪਾਸੇ ਭਟਕਦਾ ਹੈ, ਉਥੇ ਹੀ ਗੁਰਬਾਣੀ ਦੀ ਵੀ ਸਰੇਆਮ ਬੇਅਦਬੀ ਕੀਤੀ ਜਾ ਰਹੀ ਹੈ। ਜਸਟਿਸ ਨਿਰਮਲ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੁੱਛਿਆ ਹੈ ਕੀ ਗੁਰਬਾਣੀ ਦੇ ਸ਼ਬਦ ਉੱਪਰ ਇਸ਼ਤਿਹਾਰ ਚਲਾਉਣਾ ਨਾਲ ਗੁਰਬਾਣੀ ਦੀ ਬੇਅਦਬੀ ਨਹੀਂ ਹੋ ਰਹੀ ਹੈ ? ਉਹਨਾਂ ਕਿਹਾ ਹੈ ਕਿ ਇਹ ਪਿਛਲੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਮੈਂਬਰ ਦਾ ਇਸ ਤੇ ਧਿਆਨ ਕਿਉਂ ਨਹੀਂ ਗਿਆ। ਉਹਨਾਂ ਕਿਹਾ ਕਿ ਜਿਹਨਾਂ ਵਿਅਕਤੀਆਂ ਦੀ ਸੁਣਨ ਦੀ ਸ਼ਕਤੀ ਘੱਟ ਹੁੰਦੀ ਹੈ ਉਹ ਗੁਰਬਾਣੀ ਪੜ੍ਹਕੇ ਅਨੰਦ ਲੈਂਦੇਂ ਹਨ ਪਰ ਇਸ਼ਤਿਹਾਰ ਦੀ ਪੱਟੀ ਉੱਪਰ ਆ ਜਾਣ ਕਾਰਨ ਉਹਨਾਂ ਵਿਅਕਤੀਆਂ ਨੂੰ ਕਾਫੀ ਮੁਸ਼ਕਿਲ ਹੁੰਦੀ ਹੈ।ਜਸਟਿਸ ਨਿਰਮਲ ਸਿੰਘ ਨੇ ਕਿਹਾ ਕਿ ਐਸ ਜੀ ਪੀ ਸੀ ਦਾ ਅਹਿਮ ਕੰਮ ਪੂਰੀ ਦੁਨੀਆ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਐਸ ਜੀ ਪੀ ਸੀ ਨੇ ਇਹ ਸਭ ਭੁੱਲ ਕੇ ਸਿਰਫ ਵਪਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਜਸਟਿਸ ਨਿਰਮਲ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਗੁਰਬਾਣੀ ਪ੍ਰਸਾਰਣ ਦੌਰਾਨ ਇਸ਼ਤਿਹਾਰ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਗੁਰਬਾਣੀ ਦਾ ਪੂਰਾ ਸਤਿਕਾਰ ਹੋ ਸਕੇ ਅਤੇ ਗੁਰਬਾਣੀ ਸੁਣਨ ਵਾਲੇ ਵੀ ਇਸ ਦਾ ਪੂਰਾ ਅਨੰਦ ਲੈ ਸਕਣ।

# ਭਾਰਤ 'ਚ ਸੌ ਕਰੋੜ ਹਿੰਦੂ ਆਪਣੇ ਆਪ ਨੂੰ ਖਤਰੇ 'ਚ ਮਹਿਸੂਸ ਕਰਦੇ ਹਨ ਤਾਂ ਦੋ ਕਰੋੜ ਸਿੱਖ ਖ਼ੁਦ ਨੂੰ ਸੁਰੱਖਿਅਤ ਕਿਵੇਂ ਮਹਿਸੂਸ ਕਰ ਲੈਣ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

## ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਜ਼ਲੀਲ ਕਰ ਰਹੀ ਸਰਕਾਰ : ਫ਼ੈਡਰੇਸ਼ਨ ਭਿੰਡਰਾਂਵਾਲਾ

**ਅੰਮ੍ਰਿਤਸਰ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਸਾਥੀਆਂ ਦੇ ਕਮਰੇ ਅਤੇ ਬਾਥਰੂਮਾਂ ਦੇ ਵਿੱਚ ਕੈਮਰੇ ਲਗਾ ਕੇ ਹਿੰਦ ਸਰਕਾਰ ਸਿੰਘਾਂ ਨੂੰ ਜਲੀਲ ਕਰਨ ਦਾ ਯਤਨ ਕਰ ਰਹੀ ਹੈ। ਸਰਕਾਰ ਨੂੰ ਇਹਨਾਂ ਕੋਝੀਆਂ ਹਰਕਤਾਂ ਤੋਂ ਬਾਜ਼ ਆਉਣਾ ਚਾਹੀਦਾ ਹੈ। ਉਹਨਾਂ ਮੰਗ ਕੀਤੀ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਉੱਤੋਂ ਐਨ.ਐਸ.ਏ. ਹਟਾ ਕੇ ਉਹਨਾਂ ਨੂੰ ਪੰਜਾਬ ਦੀ ਜੇਲ੍ਹ ਵਿੱਚ ਜਲਦ ਤਬਦੀਲ ਕੀਤਾ ਜਾਵੇ। ਉਹਨਾਂ ਨੇ ਸਰਕਾਰਾਂ ਨੂੰ ਸਵਾਲ ਕਰਦਿਆਂ ਕਿਹਾ ਕਿ ਕੀ ਹਿੰਦੂ ਰਾਸ਼ਟਰ ਦੀ ਮੰਗ ਕਰਨ ਵਾਲਿਆਂ ਦੇ ਨਾਲ ਵੀ ਸਰਕਾਰ ਕਦੇ ਅਜਿਹਾ ਵਰਤਾਓ ਕਰੇਗੀ ਜੋ ਸਾਡੇ ਸਿੰਘਾਂ ਨਾਲ ਹੋ ਰਿਹਾ ਹੈ ? ਭਾਈ ਅੰਮ੍ਰਿਤਪਾਲ ਸਿੰਘ ਦੇ ਨਾਲ ਅਜਿਹਾ ਵਰਤਾਓ ਕਰਕੇ ਭਾਰਤ ਸਰਕਾਰ ਹੋਰਾਂ ਸਿੱਖ ਨੌਜਵਾਨਾਂ ਦੇ ਮਨਾਂ ਵਿੱਚ ਇਹ ਡਰ-ਦਹਿਸ਼ਤ ਪੈਦਾ ਕਰਨਾ ਚਾਹੁੰਦੀ ਹੈ ਕਿ ਜਿਹੜਾ ਵੀ ਨੌਜਵਾਨ ਪੰਥ ਅਤੇ ਪੰਜਾਬ ਦੇ ਹੱਕਾਂ ਹਕੂਕਾਂ ਅਤੇ ਖਾਲਿਸਤਾਨ ਦੀ ਗੱਲ ਕਰੇਗਾ ਉਸ ਦੇ ਨਾਲ ਵੀ ਅਜਿਹਾ ਵਿਹਾਰ ਕੀਤਾ ਜਾਵੇਗਾ। ਹਿੰਦੁਸਤਾਨ ਦੇ ਦੋਹਰੇ ਕਾਨੂੰਨ ਦਾ ਸਿੱਖ ਹੁਣ ਤੋਂ ਹੀ ਸ਼ਿਕਾਰ ਨਹੀਂ ਹੋ ਰਹੇ ਬਲਕਿ 1947 ਤੋਂ ਹੀ ਸਿੱਖਾਂ ਦੇ ਨਾਲ ਅਜਿਹਾ ਸਲੂਕ ਕੀਤਾ ਜਾ ਰਿਹਾ ਹੈ, ਸਾਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ। ਸਮਾਂ ਮੰਗ ਕਰਦਾ ਹੈ ਕਿ ਸਿੱਖ ਕੌਮ ਅਤੇ ਹੋਰ ਘੱਟ ਗਿਣਤੀ ਕੌਮਾਂ ਇੱਕ ਮੰਚ 'ਤੇ ਇਕੱਤਰ ਹੋ ਕੇ ਭਾਰਤ ਦੀ ਫਾਸ਼ੀਵਾਦੀ ਸਰਕਾਰ ਦੇ ਵਿਰੁੱਧ ਸੰਘਰਸ਼ ਛੇੜਨ। ਭਾਰਤ ਸਰਕਾਰ ਦੀਆਂ ਨਜ਼ਰਾਂ ਵਿੱਚ ਜੇਕਰ ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲਾ ਅੱਤਵਾਦੀ ਨਹੀਂ, ਗੁਨਾਹਗਾਰ ਨਹੀਂ ਤਾਂ ਸਿੱਖ ਰਾਸ਼ਟਰ ਦੀ ਗੱਲ ਕਰਨ ਵਾਲੇ, ਖਾਲਿਸਤਾਨ ਦੀ ਗੱਲ ਕਰਨ ਵਾਲਿਆਂ ਦੇ ਉੱਤੇ ਐਨ.ਐਸ.ਏ., ਯੂ.ਏ.ਪੀ.ਏ. ਕਿਉਂ ਲਗਾਈ ਜਾ ਰਹੀ ਹੈ ? ਜਦ ਕਿ ਖਾਲਿਸਤਾਨ ਦੇ ਰਾਹ ਵੀ ਸਾਨੂੰ ਹਿੰਦ ਹਕੂਮਤ ਨੇ ਤੋਰਿਆ ਹੈ। ਜੇਕਰ ਭਾਰਤ ਦੀ ਰਾਜ ਸੱਤਾ ਹਿੰਦੂ ਹੁਕਮਰਾਨਾਂ ਦੇ ਹੱਥਾਂ ਵਿੱਚ ਹੋਣ ਦੇ ਬਾਵਜੂਦ ਵੀ 100 ਕਰੋੜ ਹਿੰਦੂ ਆਪਣੇ ਆਪ ਨੂੰ ਖਤਰੇ 'ਚ ਮਹਿਸੂਸ ਕਰਦਾ ਹੈ ਤਾਂ ਕੇਵਲ ਦੋ ਕੁ ਕਰੋੜ ਗਿਣਤੀ ਵਾਲੀ ਸਿੱਖ ਕੌਮ ਆਪਣੇ ਆਪ ਨੂੰ ਸੁਰੱਖਿਅਤ ਕਿਵੇਂ ਮਹਿਸੂਸ ਕਰ ਲਵੇ ? ਜਦ ਕਿ ਸਾਡੇ ਗੁਰਧਾਮਾਂ ਦੇ ਉੱਤੇ ਹਮਲਾ ਅਤੇ ਸਾਡੀ ਨਸਲਕੁਸ਼ੀ ਹੋਈ ਹੈ। ਉਹਨਾਂ ਕਿਹਾ ਕਿ ਖਾਲਿਸਤਾਨ ਦੀ ਮੰਗ ਉਹਨਾਂ ਅੱਤਿਆਚਾਰਾਂ ਦੀ ਦੇਣ ਹੈ ਜਿਹੜੇ ਸਾਡੇ ਉੱਤੇ ਕੀਤੇ ਗਏ ਤੇ ਕੀਤੇ ਜਾ ਰਹੇ ਹਨ। ਜੇਕਰ ਭਾਈ ਅੰਮ੍ਰਿਤਪਾਲ ਸਿੰਘ, ਭਾਈ ਪਪਲਪ੍ਰੀਤ ਸਿੰਘ, ਭਾਈ ਹਰਜੀਤ ਸਿੰਘ, ਭਾਈ ਬਸੰਤ ਸਿੰਘ ਦੌਲਤਪੁਰਾ, ਭਾਈ ਭਗਵੰਤ ਸਿੰਘ, ਭਾਈ ਦਲਜੀਤ ਸਿੰਘ ਕਲਸੀ, ਗੁਰਮੀਤ ਸਿੰਘ ਬੁੱਕਣ ਵਾਲਾ, ਕੁਲਵੰਤ ਸਿੰਘ ਰਾਊਕੇ ਆਦਿ ਸਿੰਘਾਂ ਨੂੰ ਕੁਝ ਹੋਇਆ ਤਾਂ ਇਸ ਦੀ ਜਿੰਮੇਵਾਰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਹੋਵੇਗੀ। ਸਰਕਾਰ ਆਪਣੇ ਘਟੀਆ ਮਨਸੂਬਿਆਂ ਤੋਂ ਬਾਜ ਆ ਕੇ ਸਾਡੇ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ। ਉਹਨਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਅੰਮ੍ਰਿਤ ਛਕਾਉਣਾ, ਸਿੱਖੀ ਦਾ ਪ੍ਰਚਾਰ ਕਰਨਾ, ਨਸ਼ੇ ਛੁਡਾਉਣੇ ਵੀ ਸਰਕਾਰਾਂ ਦੀਆਂ ਨਿਗ੍ਹਾ ਦੇ ਵਿੱਚ ਵੱਡਾ ਗੁਨਾਹ ਬਣ ਚੁੱਕਾ ਹੈ ਤੇ ਹਿੰਦੂ ਹਾਕਮ ਤਾਂ ਅੰਗਰੇਜ਼ਾਂ ਅਤੇ ਮੁਗਲਾਂ ਨਾਲੋਂ ਵੀ ਵੱਧ ਜਾਲਮ ਨਿਕਲੇ ਹਨ।




ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਸੰਤ ਖਾਲਸਾ, ਜਨਮ ਅਸਥਾਨ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ

# ਪਿੰਡ ਰੋਡੇ ਵਿਖੇ ਧਾਰਮਿਕ ਸਮਾਗਮ ਚੱਲ ਰਹੇ ਹਨ

## ਨਗਰ ਕੀਰਤਨ ਦੌਰਾਨ ਸੰਤ ਭਿੰਡਰਾਂਵਾਲਿਆਂ ਦੇ ਵੱਡੇ ਸਪੁੱਤਰ ਭਾਈ ਈਸ਼ਰ ਸਿੰਘ, ਗਿਆਨੀ ਬਲਵਿੰਦਰ ਸਿੰਘ, ਭਾਈ ਜਗਤਾਰ ਸਿੰਘ ਰੋਡੇ, ਸੰਤ ਚਰਨਜੀਤ ਸਿੰਘ ਜੱਸੋਵਾਲ ਅਤੇ ਹੋਰ ਬਹੁਤ ਸਾਰੀਆਂ ਪੰਥਕ ਸ਼ਖਸੀਅਤਾਂ ਪਹੁੰਚੀਆਂ





ਆਵਾਜ਼ਿ ਕੌਮ AWAZE QAUM International Newspaper & WEB TV





ਗੁਰਦੁਆਰਾ ਸੰਤ ਖਾਲਸਾ, ਜਨਮ ਅਸਥਾਨ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਪਿੰਡ ਰੋਡੇ ਵਿਖੇ ਧਾਰਮਿਕ ਸਮਾਗਮ ਚੱਲ ਰਹੇ ਹਨ ਜਿਥੇ ਨਗਰ ਕੀਰਤਨ ਦੌਰਾਨ ਸੰਤ ਭਿੰਡਰਾਂਵਾਲਿਆਂ ਦੇ ਵੱਡੇ ਸਪੁੱਤਰ ਭਾਈ ਈਸ਼ਰ ਸਿੰਘ, ਗਿਆਨੀ ਬਲਵਿੰਦਰ ਸਿੰਘ, ਭਾਈ ਜਗਤਾਰ ਸਿੰਘ ਰੋਡੇ, ਸੰਤ ਚਰਨਜੀਤ ਸਿੰਘ ਜੱਸੋਵਾਲ ਅਤੇ ਹੋਰ ਬਹੁਤ ਸਾਰੇ ਪਤਵੰਤੇ ਨਜਰ ਆ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243





# ਮੈਂ ਤੇਰੇ ਵਿਆਹ ਤੇ ਆਵਾਂ ਤੇ ਜਾਂ ਨਾ ਆਵਾਂ,ਪਰ ਤੇਰੇ ਫੇਰ੍ਹੇ 'ਸ੍ਰੀ ਗੁਰੂ ਗ੍ਰੰਥ ਸਹਿਬ 'ਜੀ ਦੀ ਹਜ਼ੂਰੀ ਵਿੱਚ ਹੋਣੇ ਚਾਹੀਦੇ ਹਨ

ਬਹੁਜਨਾਂ ਦੇ ਮਸੀਹਾ,ਮਹਾਂਨਾਇਕ,ਕ੍ਰਾਂਤੀਕਾਰੀ,ਮਹਾਨ ਤਿਆਗੀ,ਮਹਾਨ ਤਪੱਸਵੀ,ਬਹੁਜਨਾਂ ਦੇ ਮਾਰਗ ਦਰਸ਼ਕ ਅਤੇ ਸਾਇੰਸਦਾਨ ਤੋਂ ਬਣੇ ਸਮਾਜਿਕ ਸਾਇੰਸਦਾਨ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਤਿਆਗ ਅਤੇ ਸਘੰਰਸ਼ਭਰੀ ਦੀ ਜ਼ਿੰਦਗੀ ਦੀ ਦਾਸਤਾਨ ਨੂੰ ਤੁਹਾਡੇ ਨਾਲ ਸਾਂਝੀ ਕਰਦੇ ਹਾਂ।

1992 ਵਿੱਚ ਜਦ ਬਸਪਾ ਦੇ 9 ਵਿਧਾਇਕ ਜਿੱਤੇ ਤਾਂ ਸ: ਸਤਨਾਮ ਸਿੰਘ ਕੈਂਥ ( ਬੰਗਾ ਵਿਧਾਨ ਸਭਾ ਤੋਂ ਵਿਧਾਇਕ ਬਣਿਆ ਸੀ ) ਨੂੰ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਥਾਪ ਦਿੱਤਾ ਗਿਆ। ਹਾਂਲਾਕਿ ਜੋ ਜਿਆਦਾਤਰ ਵਿਧਾਇਕ ਜਿੱਤੇ ਸਨ,ਉਹ ਹਰਭਜਨ ਲਾਖਾ ਗਰੁੱਪ ਨਾਲ ਸੰਬੰਧਿਤ ਸਨ।ਕੈਂਥ ਆਪਣੇ ਗਰੁੱਪ ਦਾ ਇੱਕੋ ਇੱਕ ਵਿਧਾਇਕ ਸੀ। ਪਰ ਇਸ ਦੇ ਬਾਵਜੂਦ ਕੈਂਥ ਨੂੰ ਵਿਰੋਧੀ ਧਿਰ ਦਾ ਨੇਤਾ ਨਾਮਜ਼ਦ ਕਰਨ ਪਿੱਛੇ ਵੀ ਸਾਹਿਬ ਦੀ ਆਪਣੀ ਸੋਚ ਸੀ। ਉਸ ਵਕਤ ਜਿਹੜੇ ਵਿਧਾਇਕ ਜਿੱਤੇ ਸਨ, ਉਨਾਂ ਵਿੱਚੋਂ ਬਹੁਤੇ ਕੁਆਰੇ ਹੀ ਸਨ। ਤੇ ਸਤਨਾਮ ਸਿੰਘ ਕੈਂਥ ਵੀ ਉਨਾਂ ਵਿੱਚੋਂ ਇੱਕ ਸੀ।ਅਪ੍ਰੈਲ 1993 ਵਿਚ ਕੈਂਥ ਦਾ ਜਦ ਤਲਵਾੜੇ ਰਿਸਤਾ ਹੋਇਆ ਤਾਂ' ਉਹ ਸਾਹਿਬ ਨੂੰ ਜਲੰਧਰ ਸਰਕਟ ਹਾਊਸ ਵਿੱਚ ਆਪਣੇ ਵਿਆਹ ਦਾ ਕਾਰਡ ਦੇਣ ਗਿਆ ਸਾਹਿਬ ਨੇ ਵਿਆਹ ਦਾ ਕਾਰਡ ਫੜਿਆ ਤੇ ਬੜੇ ਹੀ ਗੌਰ ਨਾਲ ਪੜਿਆ। ਵਿਆਹ ਦੇ ਕਾਰਡ ਵਿੱਚ ਇਹ ਗੱਲ ਖਾਸ ਤੌਰ ਤੇ ਲਿਖੀ ਗਈ ਸੀ ਕਿ ਬੇਦੀ ਦੇ ਫੇਰ੍ਹੇ ਇਨ੍ਹੇ ਵਜੇ ਹੋਣਗੇ। ਸਾਹਿਬ ਨੂੰ ਇਹੀ ਗੱਲ ਨਾਗ ਵਾਂਗ ਲੜ ਗਈ। ਇੰਨ੍ਹਾਂ ਪੜ੍ਹਦਿਆਂ ਹੀ ਸਾਹਿਬ ਨੇ ਵਿਆਹ ਦਾ ਕਾਰਡ ਪਾੜ ਕੇ ਸੁੱਟ ਦਿੱਤਾ ਤੇ ਕੈਂਥ ਨੂੰ ਤੱਲਖ਼ ਲਹਿਜੇ ਵਿੱਚ ਆਖਣ ਲੱਗੇ ਕਿ ਵੈਸੇ ਤਾਂ ਮੈਂ ਕਿਸੇ ਵੀ ਪਾਰਟੀ ਵਰਕਰ ਦੇ ਵਿਆਹ ਤੇ ਨਹੀਂ ਜਾਂਦਾ। ਅਗਰ ਮੈਂ ਅਜਿਹਾ ਕਰਨ ਲੱਗ ਪਿਆ ਤਾਂ ਮੈਂ ਮੂਵਮੇਂਟ ਦਾ ਕੰਮ ਸਹੀ ਤਰੀਕੇ ਨਾਲ ਨਹੀਂ ਕਰ ਪਾਵਾਂਗਾ, ਕਿਉਂਕਿ ਮੇਰਾ ਬਹੁਤ ਸਾਰਾ ਵਕਤ ਫਿਰ ਇਸ ਤਰਾਂ ਹੀ ਅਜਾਂਈ ਚਲਾ ਜਾਵੇਗਾ।ਬਾਕੀ ਰਹੀ ਮੇਰੀ, ਤੇਰੇ ਵਿਆਹ ਤੇ ਆਉਣ ਦੀ ਗੱਲ। ਤੂੰ ਮੇਰੀ ਇੱਕ ਗੱਲ ਧਿਆਨ ਨਾਲ ਲੜ੍ਹ ਬੰਨ੍ਹ ਲੈ। ਮੈਂ ਤੇਰੇ ਵਿਆਹ 'ਚ ਆਵਾਂ ਤੇ ਜਾਂ ਨਾ ਆਵਾਂ। ਪਰ ਤੇਰੇ ਵਿਆਹ ਦੇ ਫੇਰ੍ਹੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੋਣੇ ਚਾਹੀਦੇ ਹਨ। ਇਹ ਮੇਰੀ ਜ਼ਰੂਰੀ ਹਦਾਇਤ ਆ। ਕੈਂਥ ਨੇ ਜਦ ਸਾਰਾ ਕਿੱਸਾ ਆਪਣੇ ਪਿੰਡ ਸੋਤਰਾਂ ਵਿਖੇ ਆ ਕੇ ਬਾਪ ਚੰਨਣ ਸਿੰਘ ਨਾਲ ਸਾਂਝਾ ਕੀਤਾ ਤਾਂ ਉਹ ਆਪਣੇ ਪਿੰਡੇ ਤੇ ਪਾਣੀ ਨਾ ਪੈਣ ਦੇਵੇ। ਅਖੇ ਗੇਂਦਾਂ ਕਿੱਦਾਂ ਹੋ ਜਾਊ। ਸਾਡੇ ਤਾਂ ਬੇਦੀ ਦੇ ਫੇਰਿਆਂ ਦਾ ਸਿਲਸਿਲਾ ਕਈ ਪੀੜੀਆਂ ਤੋਂ ਚਲਿਆ ਆ ਰਿਹਾ ਹੈ। ਅਸੀਂ ਆਪਣੇ ਬਜ਼ੁਰਗਾਂ ਦੇ ਖਿਲਾਫ਼ ਕਿੱਦਾਂ ਚਲੇ ਜਾਈਏ। ਅਖੀਰ ਕੈਂਥ ਨੇ ਆਪਣੀ ਜਿੱਦ ਨਾ ਛੱਡੀ ਤੇ ਆਪਣੇ ਵਿਆਹ ਦੇ ਫੇਰ੍ਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੀ ਲਏ। ਇਸ ਘਟਨਾ ਦਾ ਪੂਰੇ ਬੰਗਾ ਇਲਾਕੇ ਤੋਂ ਇਲਾਵਾ ਪੂਰੇ ਦੁਆਬੇ ਵਿੱਚ ਅਜਿਹਾ ਅਸਰ ਪਿਆ ਕਿ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਹਰ ਪਰਿਵਾਰ ਆਪਣੀ ਲੜਕੀ ਤੇ ਹਰ ਲੜਕੇ ਦੇ ਫੇਰ੍ਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ੂਰੀ ਵਿੱਚ ਕਰਨ ਨੂੰ ਆਪਣਾ ਧੰਨਭਾਗ ਸਮਝਣ ਲੱਗ ਪਿਆ। ਇੱਥੇ ਖਾਸ ਗੱਲ ਇਹ ਵੀ ਨੋਟ ਕਰਨ ਵਾਲੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਲਾਂਵਾਂ ਫੇਰੇ ਲੈਣ ਦਾ ਸਿਲਸਿਲਾ ਉਦੋਂ ਤੋਂ ਲੈਕੇ ਅੱਜ ਤੱਕ ਵੀ ਜਿਉਂ ਦਾ ਤਿਉਂ ਜਾਰੀ ਹੈ। ਇਸ ਬਦਲਾਅ ਦੇ ਪਿੱਛੇ ਸਾਹਿਬ ਕਾਂਸ਼ੀ ਰਾਮ ਦੀ ਵਿਸਾਲ ਤੇ ਇਤਿਹਾਸਕ ਦੂਰ ਅੰਦੇਸ਼ੀ ਸੋਚ ਸੀ। ਕੈਂਥ ਦੇ ਵਿਆਹ ਵਿੱਚ ਬੇਸ਼ੱਕ ਦੁਨਿਆਂ ਭਰ ਦੀਆਂ ਮਹਾਨ ਹਸਤੀਆਂ ਸਾਮਿਲ ਹੋਈਆਂ ਹੋਣ, ਪਰ ਸਾਹਿਬ ਫਿਰ ਵੀ ਵਿਆਹ ਵਿੱਚ ਸ਼ਾਮਿਲ ਨਹੀਂ ਸੀ ਹੋਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਰਮ ਭੂਮੀ ਦੇ ਧੁਰੇ ਨਾਲ ਸੰਬੰਧਿਤ ਹੋਣ ਕਰਕੇ ਮੇਰੇ 'ਤੇ ਸਿੱਖੀ ਦਾ ਡੂੰਘਾ ਪ੍ਰਭਾਵ ਹੈ। ਸੋ ਮੈਨੂੰ ਅੱਜ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀਆਂ ਟਾਪਾਂ ਸੁਣਾਈ ਦਿੰਦੀਆਂ ਹਨ। ਇਸੇ ਕਰਕੇ ਮੈਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸੁਨੇਹਾ ਕੇਰਲਾ ਤੋਂ ਕੰਨਿਆ ਕੁਮਾਰੀ ਤੱਕ ਪਹੁੰਚਾਉਣਾ ਚਾਹੁੰਦਾ ਹਾਂ,ਜਦੋਂ ਕਿ ਹੁਣ ਤੱਕ ਇਸ ਨੂੰ ਰਾਜਪੁਰੇ ਤੱਕ ਹੀ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ- ਸਾਹਿਬ ਕਾਂਸ਼ੀ ਰਾਮ।

ਆਵਾਜ਼ਿ ਕੌਮ AWAZE QAUM International Newspaper & WEB TV

ਜੁੱਗ ਪਲਟਾਊ ਬਹੁਜਨ ਮਹਾਂਨਾਇਕ
ਮੈਂ ਕਾਂਸ਼ੀ ਰਾਮ ਬੋਲਦਾ ਹਾਂ ਭਾਗ -2

**ਪੰਮੀ ਲਾਲੋ ਮਜਾਰਾ- ਟੁੱਟੀਆਂ ਚੱਪਲਾਂ ਦੇ ਨਿਸ਼ਾਨਾਂ ਦਾ ਖੋਜੀ।**
**ਪੇਸ਼ਕਸ਼ : ਇੰਜੀਨੀਅਰ ਤੇਜਪਾਲ ਸਿੰਘ, 94177-94756**
**ਮੈਡਮ ਸਤਵੰਤ ਕੌਰ (ਮਿਸ਼ਨਰੀ), 97811-00478**

ਸਾਹਿਬ ਦੀ ਜ਼ਿੰਦਗੀ ਵਾਰੇ ਹਰ ਰੋਜ਼ ਇੱਕ ਲੇਖ ਛਾਪਿਆ ਜਾਂਦਾ ਹੈ ਜਿਸ ਦਿਨ ਤੁਹਾਡੇ ਤੱਕ ਕਿਸੇ ਕਾਰਣ ਕਰਕੇ ਨਹੀਂ ਪਹੁੰਚਦਾ ਤਾਂ ਮੈਸਜ ਕਰਕੇ ਮੰਗਵਾ ਸਕਦੇ ਹੋ।







